SHIMLA® GIN·RUM

FREE

# ਮਨ ਜਿੱਤ
MANN JITT WEEKLY

Vol: 18, Issue 885 U.K's Largest Circulated Free Punjabi/English Newspaper www.mannjittweekly.co.uk 28th November to 5th December 2023

patara
Chartered Accountants Worldwide
Network Member


RAI & SONS
BUILDERS
NEW BUILDS
EXTENTIONS
RE WIRING
ROOFING
INSURANCE WORK
CENTRAL HEATING
DAMP PROOFING



CONTACT
0121 358 4539
07973 147 255
07723 315127
077928 55562

# ਵਿਧਾਨ ਸਭਾ ਇਜਲਾਸ ਵਿੱਚ ਚਾਰ ਅਹਿਮ ਬਿੱਲ ਪਾਸ

ਚੰਡੀਗੜ੍ਹ - ਪੰਜਾਬ ਵਿਧਾਨ ਸਭਾ ਦੇ ਸਰਦ ਰੁੱਤ ਇਜਲਾਸ ਦਾ ਆਖਰੀ ਦਿਨ ਅੱਜ ਹੰਗਾਮਾ ਭਰਪੂਰ ਰਿਹਾ। ਵਿਰੋਧੀ ਧਿਰ ਦੇ ਰੌਲੇ-ਰੱਪੇ ਦੌਰਾਨ ਹੀ ਚਾਰ ਅਹਿਮ ਬਿੱਲ ਸਰਬਸੰਮਤੀ ਨਾਲ ਪਾਸ ਕਰ ਦਿੱਤੇ ਗਏ। ਮੁੱਖ ਵਿਰੋਧੀ ਧਿਰ ਕਾਂਗਰਸ ਨੇ ਸੈਸ਼ਨ ਦੇ ਪਹਿਲੇ ਦਿਨ ਸੰਜਮ ਵਰਤਣ ਮਗਰੋਂ ਅੱਜ ਇਜਲਾਸ ਦੀ ਸਮਾਪਤੀ ਵਾਲੇ ਦਿਨ ਆਪਣੀ ਹੋਂਦ ਦਾ ਅਹਿਸਾਸ ਕਰਾਉਂਦੇ ਹੋਏ ਨਾਅਰੇਬਾਜੀ ਕਰਕੇ ਸਦਨ 'ਚੋਂ ਵਾਕਆਊਟ ਕੀਤਾ। ਵਿਰੋਧੀ ਧਿਰ ਨੇ ਅਮਨ-ਕਾਨੂੰਨ ਦੀ ਵਿਵਸਥਾ 'ਤੇ ਚਰਚਾ ਲਈ ਸੈਸ਼ਨ ਦੀ ਮਿਆਦ ਵਧਾਉਣ ਦੀ ਮੰਗ ਨੂੰ ਲੈ ਕੇ ਸੱਤਾਧਾਰੀ ਧਿਰ ਨੂੰ ਨਿਸ਼ਾਨੇ 'ਤੇ ਲਿਆ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਬਿੱਲ ਪਾਸ ਹੋਣ ਮਗਰੋਂ ਦੋ ਦਿਨਾ ਸੈਸ਼ਨ ਅਣਮਿਥੇ ਸਮੇਂ ਲਈ ਉਠਾ ਦਿੱਤਾ। ਮੁੱਖ ਮੰਤਰੀ ਭਗਵੰਤ ਮਾਨ ਅੱਜ ਸਦਨ 'ਚੋਂ ਗੈਰਹਾਜਰ ਰਹੇ। ਜਿਵੇਂ ਹੀ ਧਿਆਨ ਦਿਵਾਊ ਮਤਿਆਂ ਦੀ ਸਮਾਪਤੀ ਹੋਈ ਤਾਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਸੈਸ਼ਨ ਦਾ ਸਮਾਂ ਵਧਾਉਣ ਦੀ ਮੰਗ ਕਰਦਿਆਂ ਕਿਹਾ ਕਿ ਅਮਨ-ਕਾਨੂੰਨ ਦੀ ਵਿਵਸਥਾ ਅਤੇ ਨਸ਼ਿਆਂ ਦੇ ਮੁੱਦੇ 'ਤੇ ਸਦਨ 'ਚ ਚਰਚਾ ਕੀਤੀ ਜਾਣੀ ਲਾਜ਼ਮੀ ਹੈ। ਉਨ੍ਹਾਂ ਇਤਰਾਜ਼ ਕੀਤਾ ਕਿ ਗੈਰ ਸਰਕਾਰੀ ਮਤੇ ਬਾਰੇ ਵੀ ਸਦਨ ਵਿਚ ਕੁੱਝ ਨਹੀਂ ਦੱਸਿਆ ਗਿਆ। ਇਸ ਦੌਰਾਨ ਗਾਇਕ ਗਿੱਪੀ ਗਰੇਵਾਲ ਨੂੰ ਮਿਲ ਰਹੀਆਂ ਧਮਕੀਆਂ ਦਾ ਵੀ ਜ਼ਿਕਰ ਕੀਤਾ ਗਿਆ। ਸਦਨ ਵਿਚ ਜਦੋਂ ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ 'ਜਾਇਦਾਦ ਦਾ ਤਬਾਦਲਾ (ਪੰਜਾਬ ਸੋਧਨਾ) ਬਿੱਲ-2023' ਪੇਸ਼ ਕਰ ਰਹੇ ਸਨ ਤਾਂ ਵਿਰੋਧੀ ਧਿਰ ਦੇ ਆਗੂ ਸਪੀਕਰ ਦੇ ਆਸਣ ਅੱਗੇ ਆ ਗਏ ਅਤੇ ਉਨ੍ਹਾਂ ਖ਼ਿਲਾਫ ਬੋਲਣ ਲੱਗ ਪਏ। ਵਾਕਆਊਟ ਸਮੇਂ ਵਿਰੋਧੀ ਧਿਰ ਜੱਕੋ-ਤੱਕੀ ਵਿਚ ਦਿਖੀ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਕੁਝ ਸਾਥੀ ਵਿਧਾਇਕਾਂ ਨਾਲ ਹਲਕੀ ਨਾਅਰੇਬਾਜ਼ੀ ਕਰਨ ਮਗਰੋਂ ਵਾਕਆਊਟ ਕਰ ਗਏ ਜਦੋਂ ਕਿ ਕਾਂਗਰਸੀ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਅਤੇ ਰਾਜਾ ਵੜਿੰਗ ਤੋਂ ਇਲਾਵਾ ਕੁੱਝ ਹੋਰ ਕਾਂਗਰਸੀ ਵਿਧਾਇਕ ਸਦਨ 'ਚ ਬੈਠੇ ਰਹੇ। ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੇ ਆਪਣੇ ਹਲਕੇ ਵਿਚ ਅੱਜ ਕੱਪੜੇ ਵੇਚਣ ਵਾਲਿਆਂ 'ਤੇ ਹੋਏ ਹਮਲੇ ਦੇ ਸਬੰਧ 'ਚ ਸਰਕਾਰ ਨੂੰ ਘੇਰਿਆ। ਰੰਧਾਵਾ ਦੀ ਅਗਵਾਈ ਹੇਠ ਮਗਰੋਂ ਬਾਕੀ ਕਾਂਗਰਸੀ ਵਿਧਾਇਕ ਵੀ ਵਾਕਆਊਟ ਕਰ ਗਏ।




# ਸੀਏਏ ਲਾਗੂ ਹੋਣ ਤੋਂ ਕੋਈ ਰੋਕ ਨਹੀਂ ਸਕਦਾ: ਸ਼ਾਹ



ਕੋਲਕਾਤਾ - ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਇੱਥੇ ਕਿਹਾ ਕਿ ਕੇਂਦਰ ਸਰਕਾਰ ਨਾਗਰਿਕਤਾ ਸੋਧ ਐਕਟ (ਸੀਏਏ) ਲਾਗੂ ਕਰੇਗੀ ਅਤੇ ਇਸ ਨੂੰ ਕੋਈ ਰੋਕ ਨਹੀਂ ਸਕਦਾ। ਸ਼ਾਹ ਨੇ ਅੱਜ ਇੱਥੇ ਇਤਿਹਾਸਕ ਇੰਸਪਲੈਂਡ ਵਿੱਚ ਪਾਰਟੀ ਦੀ ਰੈਲੀ ਨੂੰ ਸੰਬੋਧਨ ਕੀਤਾ।

ਇਸ ਦੌਰਾਨ ਉਨ੍ਹਾਂ ਭਾਜਪਾ ਵੱਲੋਂ ਲੋਕ ਸਭਾ ਚੋਣਾਂ ਦਾ ਆਗਾਜ ਕਰਨ ਦਾ ਐਲਾਨ ਕਰਦਿਆਂ ਘੁਸਪੈਠ, ਭ੍ਰਿਸ਼ਟਾਚਾਰ ਅਤੇ ਰਾਜਨੀਤਿਕ ਹਿੰਸਾ ਜਿਹੇ ਮੁੱਦਿਆਂ 'ਤੇ ਮੁੱਖ ਮੰਤਰੀ ਮਮਤਾ ਬੈਨਰਜੀ 'ਤੇ ਨਿਸ਼ਾਨੇ ਸਾਧੇ। ਉਨ੍ਹਾਂ ਲੋਕਾਂ ਨੂੰ ਅਗਾਮੀ ਵਿਧਾਨ ਸਭਾ ਚੋਣਾਂ ਵਿੱਚ ਮਮਤਾ ਬੈਨਰਜੀ ਦੀ ਸਰਕਾਰ ਨੂੰ ਚਲਦਾ ਕਰਕੇ ਭਾਜਪਾ ਨੂੰ ਚੁਣਨ ਦੀ ਅਪੀਲ ਕੀਤੀ। ਰੈਲੀ ਵਿੱਚ ਇਕੱਠ ਦੇਖ ਕੇ ਖੁਸ਼ੀ ਪ੍ਰਗਟਾਉਂਦਿਆਂ ਉਨ੍ਹਾਂ ਕਿਹਾ ਕਿ ਇਹ ਰੈਲੀ ਲੋਕਾਂ ਦੀਆਂ ਭਾਵਨਾਵਾਂ ਨੂੰ ਦਿਖਾਉਂਦੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਭਾਜਪਾ 2026 ਵਿੱਚ ਦੋ-ਤਿਹਾਈ ਬਹੁਮਤ ਨਾਲ ਸੂਬੇ ਦੀ ਸੱਤਾ ਸੰਭਾਲਗੀ। ਸ੍ਰੀ ਸ਼ਾਹ ਨੇ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਸੂਬੇ ਵਿੱਚ ਭਾਜਪਾ ਦਾ ਪ੍ਰਦਰਸ਼ਨ ਵਿਧਾਨ ਸਭਾ ਚੋਣਾਂ ਦੀ ਜਿੱਤ ਦੀ ਨੀਂਹ ਰੱਖੇਗਾ। ਵਿਵਾਦਿਤ ਸੀਏਏ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਮਮਤਾ ਬੈਨਰਜੀ ਇਸ ਦਾ ਵਿਰੋਧ ਕਰ ਰਹੀ ਹੈ ਪਰ ਇਸ ਨੂੰ ਕੋਈ ਵੀ ਲਾਗੂ ਹੋਣ ਤੋਂ ਰੋਕ ਨਹੀਂ ਸਕਦਾ। ਇਹ ਐਕਟ ਅਜੇ ਮੁੱਢਲੀ ਸਟੇਜ ਵਿੱਚ ਹੈ ਕਿਉਂਕਿ ਇਸ ਦੇ ਖ਼ਿਲਾਫ ਵਿਰੋਧੀ ਧਿਰ ਦੇ ਸਖਤ ਰੁਖ ਕਾਰਨ ਕੇਂਦਰ ਸਰਕਾਰ ਨੇ ਹੁਣ ਤੱਕ ਇਸ ਨੂੰ ਕਾਨੂੰਨ ਨਹੀਂ ਬਣਾਇਆ। ਜਿਕਰਯੋਗ ਹੈ ਕਿ ਭਾਜਪਾ ਨੇ 2019 ਦੀਆਂ ਲੋਕ ਸਭਾ ਚੋਣਾਂ ਵਿੱਚ 42 ਸੀਟਾ ਵਿੱਚੋਂ 18 'ਤੇ ਜਿੱਤ ਹਾਸਲ ਕੀਤੀ ਸੀ, ਜੋ ਹੁਣ ਤੱਕ ਦੀ ਪੱਛਮੀ ਬੰਗਾਲ ਵਿੱਚ ਭਾਰਤੀ ਜਨਤਾ ਪਾਰਟੀ ਦੀ ਵਧੀਆ ਕਾਰਗੁਜਾਰੀ ਹੈ।

Jhally
Creativity at its best



ਵਿਆਹ ਜਿਥੇ ਮਰਜ਼ੀ ਕਰਵਾਓ, ਪਰ ਵੀਡਿਓ ਝੱਲ੍ਹੀ ਤੋਂ ਬਣਵਾਓ
Video Productions & Photography
Creative Video Production & Photography for Wedding
Civil Marriages, Parties, All Special occasions,
Digital Storybooks & Traditional Albums.
TEL. : 01922 448427 Mob. : 07958-747497
57 Darlaston Road, Walsall, WS2 9QT email: info@jhally.co.uk

# ਪੀਐੱਮ ਕਿਸਾਨ ਯੋਜਨਾ ਤਹਿਤ ਫੰਡਾਂ 'ਤੇ ਰੋਕ ਕਿਉਂ ਨਹੀਂ: ਰਾਓ

ਹੈਦਰਾਬਾਦ - ਤਿਲੰਗਾਨਾ ਵਿੱਚ ਰਾਇਤੂ ਬੰਧੂ ਯੋਜਨਾ ਤਹਿਤ ਰਾਸ਼ੀ ਜਾਰੀ ਕਰਨ 'ਤੇ ਚੋਣ ਕਮਿਸ਼ਨ ਤਰਫੋਂ ਰੋਕ ਲਗਾਏ ਜਾਣ 'ਤੇ ਭਾਰਤੀ ਰਾਸ਼ਟਰ ਸਮਿਤੀ (ਬੀਆਰਐੱਸ) ਦੇ ਕਾਰਜਕਾਰੀ ਪ੍ਰਧਾਨ ਕੇ.ਟੀ. ਰਾਮਾ ਰਾਓ ਨੇ ਅੱਜ ਇੱਥੇ ਸਵਾਲ ਕੀਤਾ ਕਿ ਪ੍ਰਧਾਨ ਮੰਤਰੀ ਕਿਸਾਨ ਯੋਜਨਾ ਤਹਿਤ ਪੈਸਾ ਜਾਰੀ ਕਰਨ ਦੀ ਮਨਜ਼ੂਰੀ ਕਿਉਂ ਹੈ। ਉਨ੍ਹਾਂ ਮੀਡੀਆ ਨਾਲ ਗੱਲਬਾਤ ਕਰਦਿਆਂ ਇਹ ਮੁੱਦਾ ਚੁੱਕਿਆ। ਰਾਓ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ 2018 ਵਿੱਚ ਮਿਲੀ ਜਿੱਤ ਤੋਂ ਇੱਕ ਸੀਟ ਵੱਧ ਹੀ ਜਿੱਤੇਗੀ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਰੈਲੀਆਂ ਦੇ ਪ੍ਰਭਾਵ ਨੂੰ ਨਕਾਰਦਿਆਂ ਕਿਹਾ ਕਿ ਉਨ੍ਹਾਂ ਦਾ ਧਿਆਨ ਤਿਲੰਗਾਨਾ ਵਿਧਾਨ ਸਭਾ ਚੋਣਾਂ ਦੀ ਥਾਂ ਆਮ ਚੋਣਾਂ ਵੱਲ ਵੱਧ ਹੈ। ਉਨ੍ਹਾਂ ਸਵਾਲ ਕੀਤਾ ਕਿ ਕੇਂਦਰ ਦੀ ਯੋਜਨਾ 'ਪੀਐੱਮ ਕਿਸਾਨ' ਨੂੰ ਕਿਉਂ ਨਹੀਂ ਰੋਕਿਆ ਗਿਆ, ਜਦਕਿ ਚੋਣ ਕਮਿਸ਼ਨ ਨੇ ਤਿਲੰਗਾਨਾ ਵਿੱਚ ਰਾਇਤੂ ਬੰਧੂ ਤਹਿਤ ਫੰਡ ਜਾਰੀ ਕਰਨ 'ਤੇ ਰੋਕ ਲਗਾਉਣ ਦਾ ਹੁਕਮ ਦੇ ਦਿੱਤਾ ਹੈ। ਰਾਓ ਨੇ ਦੋਸ਼ ਲਾਇਆ, "ਪੀਐੱਮ ਕਿਸਾਨ ਯੋਜਨਾ ਨੂੰ ਇਜਾਜ਼ਤ ਕਿਵੇਂ ਦਿੱਤੀ ਗਈ?

# ਸਿਫਰ ਕਾਲ: ਵਿਧਾਨ ਸਭਾ 'ਚ ਉੱਠਿਆ ਅਮਨ-ਕਾਨੂੰਨ ਤੇ ਪਾਣੀਆਂ ਦਾ ਮੁੱਦਾ

ਚੰਡੀਗੜ੍ਹ - ਪੰਜਾਬ ਵਿਧਾਨ ਸਭਾ ਦੇ ਸਰਦ ਰੁੱਤ ਸੈਸ਼ਨ ਦੇ ਦੂਜੇ ਦਿਨ ਸਿਫਰ ਕਾਲ ਦੌਰਾਨ ਸੂਬੇ 'ਚ ਅਮਨ-ਕਾਨੂੰਨ ਵਿਵਸਥਾ ਅਤੇ ਪਾਣੀਆਂ ਦੇ ਮੁੱਦੇ ਛਾਏ ਰਹੇ। ਅਕਾਲੀ ਵਿਧਾਇਕ ਡਾ. ਸੁਖਵਿੰਦਰ ਸੁੱਖੀ ਨੇ ਗੈਂਗਸਟਰ ਲਾਰੈਂਸ ਬਿਸਨੋਈ ਦੀ ਜੇਲ੍ਹ ਵਿੱਚ ਹੋਈ ਇੰਟਰਵਿਊ ਦਾ ਮੁੱਦਾ ਚੁੱਕਦਿਆਂ ਕਿਹਾ ਕਿ ਹੁਣ ਤਾਂ ਹਾਈ ਕੋਰਟ ਨੇ ਵੀ ਇਸ ਇੰਟਰਵਿਊ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਰਾਜਾ ਵੜਿੰਗ ਨੇ ਵੀ ਲਾਰੈਂਸ ਬਿਸਨੋਈ ਦੀ ਇੰਟਰਵਿਊ ਸਬੰਧੀ ਸਰਕਾਰ ਨੂੰ ਘੇਰਿਆ। ਡਾ. ਸੁੱਖੀ ਨੇ ਕੌਮੀ ਸਿੱਖਿਆ ਨੀਤੀ ਨੂੰ ਪੰਜਾਬੀ ਭਾਸ਼ਾ ਲਈ ਮਾਰੂ ਦੱਸਿਆ।



ਉਨ੍ਹਾਂ ਕਿਹਾ ਕਿ ਨਵੀਂ ਸਿੱਖਿਆ ਨੀਤੀ ਤਹਿਤ ਸੂਬਿਆਂ ਨੂੰ ਕੇਂਦਰ ਵੱਲੋਂ ਸਿਫਾਰਸ ਕੀਤਾ 70 ਫੀਸਦ ਸਿਲੇਬਸ ਲਾਗੂ ਕਰਨਾ ਪਵੇਗਾ ਤੇ ਇਸ ਨੀਤੀ ਦਾ ਪੰਜਾਬੀ 'ਵਰਸਿਟੀ ਦੇ ਮੂਲ ਮਨੋਰਥ 'ਤੇ ਵੀ ਮਾੜਾ ਅਸਰ ਪਵੇਗਾ। ਵੜਿੰਗ ਨੇ ਸੂਬੇ ਦੇ ਸ਼ੈੱਲਰ ਮਾਲਕਾਂ ਨਾਲ ਫੋਰਟੀਫਾਈਡ ਚੌਲ ਨੂੰ ਲੈ ਕੇ ਹੋ ਰਹੀ ਜ਼ਿਆਦਤੀ ਨੂੰ ਉਭਾਰਿਆ। ਉਨ੍ਹਾਂ ਕਿਹਾ ਕਿ ਇਸ ਬਾਰੇ ਕੇਂਦਰ ਸਰਕਾਰ ਨਾਲ ਗੱਲ ਕਰਨੀ ਚਾਹੀਦੀ ਹੈ। 'ਆਪ' ਵਿਧਾਇਕਾ ਨਰਿੰਦਰ ਕੌਰ ਭਰਾਜ ਨੇ ਜੰਮੂ-ਕਟੜਾ ਐਕਸਪ੍ਰੈੱਸ ਵੇਅ ਦੀ 15 ਫੁੱਟ ਤੱਕ ਦੀ ਉਚਾਈ ਨੂੰ ਖਤਰੇ ਦੀ ਘੰਟੀ ਦੱਸਿਆ। ਉਨ੍ਹਾਂ ਕਿਹਾ ਕਿ ਖੇਤਾਂ 'ਚੋਂ ਮਿੱਟੀ ਪੁੱਟ ਕੇ ਇਸ ਹਾਈਵੇਅ ਦੀ ਉਸਾਰੀ ਹੋ ਰਹੀ ਹੈ ਤੇ ਜ਼ਮੀਨਾਂ ਡੂੰਘੀਆਂ ਹੋ ਰਹੀਆਂ ਹਨ, ਜਿਸ ਨਾਲ ਹੜ੍ਹਾਂ ਦੀ ਮਾਰ ਹੋਰ ਵਧੇਗੀ।

Kool Cakes



Cakes for all occasions
We make cakes with or without eggs, vegan and gluten free in a variety of flavours. Available same day.
Design and Order Your Cakes
Online @ www.koolcakes.uk
Customer service 020 7052 5152
Email us sales@koolcakes.uk
* Delivery available on request
*T's & C's apply
Heston Branch
9 Central Parade,
New Heston Road,
Heston, Middlesex TW5 0LQ
Tel: 020 8577 6393
Kingsbury Branch
2 Honeypot Lane,
Kingsbury,
London NW9 9QD
Tel: 020 8204 3949

# ਵਰਚੁਅਲ G-20 ਸੰਮੇਲਨ 'ਚ ਸ਼ਾਮਿਲ ਹੋਏ ਟਰੂਡੋ

ਔਟਵਾ: ਖ਼ਾਲਿਸਤਾਨੀ ਸਮਰਥਕ ਹਰਦੀਪ ਸਿੰਘ ਨਿੱਜਰ ਦੇ ਕਤਲ ਤੋਂ ਬਾਅਦ ਭਾਰਤ ਅਤੇ ਕੈਨੇਡਾ ਵਿਚਾਲੇ ਰਿਸ਼ਤੇ ਕਾਫ਼ੀ ਵਿਗੜ ਗਏ ਹਨ। ਦੋਵਾਂ ਦੇਸ਼ਾਂ ਦੇ ਰਾਜਨੀਤਿਕ ਸਬੰਧਾਂ ਦਾ ਹਾਲ ਵੀ ਕੁਝ ਅਜਿਹਾ ਹੀ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੇ ਸੰਸਦ 'ਚ ਨਿੱਜਰ ਦੇ ਕਤਲ ਦਾ ਇਲਜ਼ਾਮ ਭਾਰਤ 'ਤੇ ਲਗਾਇਆ ਸੀ ਜਿਸ ਨੂੰ ਭਾਰਤ ਨੇ ਝੂਠਾ ਤੇ ਬੇਬੁਨਿਆਦ ਦੱਸਿਆ ਸੀ। ਇਸ ਕਾਰਨ ਭਾਰਤ ਨੇ ਕੈਨੇਡਾ ਖ਼ਿਲਾਫ਼ ਕਾਫ਼ੀ ਸਖ਼ਤ ਐਕਸ਼ਨ ਲਿਆ ਅਤੇ ਕੈਨੇਡੀਅਨ ਨਾਗਰਿਕਾਂ ਲਈ ਵੀਜ਼ਾ ਸੇਵਾਵਾਂ ਬੰਦ ਕਰ ਦਿੱਤੀਆਂ ਸਨ।

ਇਸੇ ਦੌਰਾਨ ਭਾਰਤ ਵਲੋਂ G-20 ਨੇਤਾਵਾਂ ਦਾ ਇੱਕ ਵਰਚੁਅਲ ਸਿਖ਼ਰ ਸੰਮੇਲਨ ਆਯੋਜਿਤ ਕੀਤਾ ਗਿਆ। ਇਸ ਸੰਮੇਲਨ 'ਚ ਸ਼ਾਮਿਲ ਹੋਏ ਟਰੂਡੋ ਨੇ ਅੰਤਰਰਾਸ਼ਟਰੀ ਕਾਨੂੰਨਾਂ ਦੀ ਪਾਲਣਾ ਅਤੇ ਕਾਨੂੰਨ ਦੇ ਸ਼ਾਸਨ 'ਤੇ ਜ਼ੋਰ ਦਿੱਤਾ। ਲੋਕਤੰਤਰ ਦੀਆਂ ਵਿਵਸਥਾਵਾਂ ਨੂੰ ਮਜ਼ਬੂਤ ਬਣਾਉਣ ਲਈ ਵੀ ਉਨ੍ਹਾਂ ਨੇ ਜ਼ਰੂਰੀ ਕਦਮ ਉਠਾਉਣ ਦੀ ਸਲਾਹ ਦਿੱਤੀ। ਇਸ ਦੌਰਾਨ ਉਨ੍ਹਾਂ ਵਿੱਤੀ ਸੁਧਾਰ, ਲਿੰਗੀ ਸਮਾਨਤਾ, ਡਿਜੀਟਲ ਵਿਗਿਆਨ ਵਰਗੀਆਂ ਜ਼ਰੂਰੀ ਲੋੜਾਂ ਨੂੰ ਲੈ ਕੇ ਅੱਗੇ ਵੱਧਣ ਦੀ ਵੀ ਸਲਾਹ ਦਿੱਤੀ। ਉਨ੍ਹਾਂ ਘੱਟ ਆਮਦਨੀ ਵਾਲੇ ਦੇਸ਼ਾਂ ਲਈ ਲੋੜੀਂਦੀ ਵਿੱਤੀ ਸਹਾਇਤਾ ਪਹੁੰਚਾਉਣ 'ਤੇ ਜ਼ੋਰ ਦਿੱਤਾ।

ਆਪਣੇ ਸੰਬੋਧਨ ਦੌਰਾਨ ਉਨ੍ਹਾਂ ਯੂਕ੍ਰੇਨ-ਰੂਸ ਵਿਚਾਲੇ ਚੱਲ ਰਹੀ ਜੰਗ ਦੀ ਵੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਜੰਗ ਕਾਰਨ ਆਮ ਲੋਕ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੇ ਹਨ। ਉਨ੍ਹਾਂ ਹਮਾਸ-ਇਜ਼ਰਾਇਲ ਜੰਗ ਬਾਰੇ ਵੀ ਕਿਹਾ ਕਿ ਜੰਗ 'ਚ ਆਮ ਲੋਕਾਂ ਦਾ ਕੀ ਕਸੂਰ ਹੈ, ਉਨ੍ਹਾਂ ਨੂੰ ਕਿਉਂ ਬੰਧਕ ਬਣਾਇਆ ਜਾ ਰਿਹਾ ਹੈ।

## ਜ਼ਰੂਰੀ ਬੇਨਤੀ

ਲੇਖਕਾਂ ਨੂੰ ਸਨਿਮਰ ਬੇਨਤੀ ਹੈ ਕਿ ਮਨ ਜਿੱਤ ਵਿਚ ਛਪਣ ਵਾਲੀਆਂ ਰਚਨਾਵਾਂ ਨੂੰ ਭੇਜਣ ਸਮੇਂ ਕ੍ਰਿਪਾ ਕਰ ਕੇ ਸਾਫ ਸੁਥਰਾ ਇਕ ਪਾਸੇ ਹੀ ਲਿਖਿਆ ਜਾਵੇ, ਬਹੁਤ ਸਾਰੀਆਂ ਰਚਨਾਵਾਂ ਇਕ ਵਾਰੀ ਭੇਜਣ ਦੀ ਬਜਾਇ ਇਕ ਸਮੇਂ ਇਕ ਹੀ ਰਚਨਾ ਭੇਜੀ ਜਾਵੇ ਅਤੇ ਜੇ ਮੇਰੇ ਪਿਆਰੇ ਲੇਖਕ ਬੁਰਾ ਨਾ ਮਨਾਉਣ ਤਾਂ ਜਿਹੜੀ ਰਚਨਾ ਮਨ ਜਿੱਤ ਨੂੰ ਭੇਜੀ ਹੈ, ਉਹ ਉਸੇ ਸਮੇਂ ਕਿਸੇ ਹੋਰ ਅਖ਼ਬਾਰ ਨੂੰ ਨਾ ਭੇਜੀ ਜਾਵੇ ਅਤੇ ਆਪਣਾ ਪੂਰਾ ਪਤਾ ਸੰਪਰਕ ਨੰਬਰ ਸਮੇਤ ਵੀ ਲਿਖੋ। ਮਨ ਜਿੱਤ ਅਦਾਰਾ ਤੁਹਾਡੇ ਇਸ ਸਹਿਯੋਗ ਲਈ ਅਤਿ ਧੰਨਵਾਦੀ ਹੋਵੇਗਾ।

-ਮੁੱਖ ਸੰਪਾਦਕ

MANN JITT WEEKLY

**Chief Patron:**
Mr. Balbir S, Lalli
B.A.(Hons),LLB(Hons),DIP M.R.S.

**Patrons:**
Mr.Kabaljit S. Sandhu(DBK Estate)
Mr.Dalbir S. Sandhu(Landmark Group)
Mr.Nirmal S. Rahal(O.T.L Mids.Ltd)

**Chief Adviser:**
Balbir S. Sekhon(Pamal)

**Advisers:**
Mr.K.S.S.Anand
Mr.Baldev S. Gill (Shere Punjab)
Mr.Shalbinder S. Mallee(Leamington)
Mr.Joginder S Dhesian Sang
Editor in Chief:Karam S. Karam
Editor:Karwinder S. Raikoti

**Features Editor:**
Manpreet Daroch

**General Manager:**
Raj Singh

**I.T. Manager:**
Tina Kaur

**Distribution Manager:**
Saab Bhati

**Co-ordinator:**
Mohan S. Mastana

**Advertisement:**
0121 526 6099

**Head Office:**
267 Darlaston Road,
Darlaston,West Mids WS10 7TG
www.mannjittweekly.co.uk
Email:mannjittweekly@aol.com
www.mannjittweeklyonline,com

# UK 'ਚ ਹੁਨਰਮੰਦ ਕਾਮਿਆਂ, ਮੈਡੀਕਲ ਅਤੇ ਵਿਦਿਆਰਥੀ ਵੀਜ਼ਿਆਂ 'ਚ ਭਾਰਤੀ ਅੱਗੇ

ਲੰਡਨ: ਭਾਰਤੀ ਹੁਨਰਮੰਦ ਕਾਮਿਆਂ, ਮੈਡੀਕਲ ਪੇਸ਼ੇਵਰਾਂ ਅਤੇ ਵਿਦਿਆਰਥੀਆਂ ਨੇ ਪਿਛਲੇ ਸਾਲ ਬ੍ਰਿਟੇਨ ਦੀਆਂ ਵੱਖੋ-ਵੱਖ ਵੀਜ਼ਾ ਸ਼੍ਰੇਣੀਆਂ 'ਚ ਆਪਣਾ ਦਬਦਬਾ ਕਾਇਮ ਰੱਖਿਆ ਹੈ। ਇੱਥੇ ਜਾਰੀ ਅਧਿਕਾਰਿਰ ਇਮੀਗ੍ਰੇਸਨ ਅੰਕੜਿਆਂ 'ਚ ਇਹ ਖ਼ੁਲਾਸਾ ਹੋਇਆ ਹੈ। UK ਹੋਮ ਔਫ਼ਿਸ ਦੁਆਰਾ ਸਤੰਬਰ 2023 ਨੂੰ ਖ਼ਤਮ ਹੋਣ ਵਾਲੇ ਸਾਲ ਲਈ ਨੈਸ਼ਨਲ ਸਟੈਟਿਸਟਿਕਸ ਦੇ ਦਫ਼ਤਰ ਦੇ ਅੰਕੜੇ ਦਰਸਾਉਂਦੇ ਹਨ ਕਿ ਭਾਰਤੀ



ਨਾਗਰਿਕ ਨਾ ਸਿਰਫ਼ ਹੁਨਰਮੰਦ ਵਰਕਰ ਵੀਜ਼ਿਆਂ ਦੀ ਸੂਚੀ 'ਚ ਸਿਖਰ 'ਤੇ ਹਨ ਬਲਕਿ ਸਿਹਤ ਅਤੇ ਦੇਖਭਾਲ ਵੀਜ਼ਿਆਂ ਦੀ ਸੂਚੀ 'ਚ ਵੀ ਸਿਖਰ 'ਤੇ ਹਨ। ਵਿਦਿਆਰਥੀ ਵੀਜ਼ਾ ਸ਼੍ਰੇਣੀ 'ਚ ਭਾਰਤੀ ਨਾਗਰਿਕ ਵਿਦਿਆਰਥੀਆਂ ਦੇ ਸਭ ਤੋਂ ਵੱਡੇ ਸਮੂਹ ਦੀ ਨੁਮਾਇੰਦਗੀ ਕਰ ਰਹੇ ਹਨ ਜਿਨ੍ਹਾਂ ਨੂੰ ਮੁਕਾਬਲਤਨ ਨਵੇਂ ਸਟੱਡੀ ਤੋਂ ਬਾਅਦ ਗ੍ਰੈਜੂਏਟ ਵੀਜ਼ਾ 'ਤੇ ਰਹਿਣ ਲਈ ਛੁੱਟੀ ਦਿੱਤੀ ਗਈ ਸੀ। ਹੋਮ ਔਫ਼ਿਸ ਦੇ ਅੰਕੜਿਆਂ ਅਨੁਸਾਰ ਹੁਨਰਮੰਦ ਵਰਕਰ ਵੀਜ਼ਿਆਂ 'ਚ ਪਿਛਲੇ ਸਾਲ ਨੌਂ ਪ੍ਰਤੀਸ਼ਤ ਦਾ ਮਾਮੂਲੀ ਵਾਧਾ ਹੋਇਆ ਸੀ ਜਦੋਂ ਕਿ ਹੁਨਰਮੰਦ ਵਰਕਰ-ਸਿਹਤ ਅਤੇ ਦੇਖਭਾਲ ਵੀਜ਼ਾ ਦੇ ਕੇਸ ਦੁਗਣੇ ਤੋਂ ਵੱਧ ਕੇ ਇੱਕ ਲੱਖ 43 ਹਜ਼ਾਰ 990 ਹੋ ਗਏ। ਪਿਛਲੇ ਸਾਲ ਦੇ ਮੁਕਾਬਲੇ ਭਾਰਤੀਆਂ (38,866), ਨਾਈਜੀਰੀਅਨ (26,715) ਅਤੇ ਜਿੰਬਾਬਵੇ (21,130) ਦੇ ਨਾਗਰਿਕਾਂ ਦੇ ਵੀਜ਼ਾ 'ਚ ਸਭ ਤੋਂ ਵੱਧ ਵਾਧਾ ਹੋਇਆ। ਸਿਹਤ ਅਤੇ ਦੇਖਭਾਲ ਵੀਜ਼ਾ ਦੇ ਅੰਕੜਿਆਂ ਅਨੁਸਾਰ ਭਾਰਤੀ ਬਿਨੈਕਾਰਾਂ ਦੀ ਗਿਣਤੀ 'ਚ 76 ਫ਼ੀਸਦੀ ਦਾ ਵਾਧਾ ਹੋਇਆ ਹੈ। ਇਸ ਸਮੇਂ ਹੁਨਰਮੰਦ ਕਾਮਿਆਂ ਦੇ ਵੀਜ਼ਿਆਂ 'ਚ 11 ਪ੍ਰਤੀਸ਼ਤ ਦੀ ਮਾਮੂਲੀ ਗਿਰਾਵਟ ਦੇਖੀ ਗਈ ਹੈ। ਵਿਸ਼ਲੇਸ਼ਣ ਅਨੁਸਾਰ, ਸਤੰਬਰ 2023 ਨੂੰ ਖ਼ਤਮ ਹੋਏ ਸਾਲ 'ਚ ਭਾਰਤੀ ਨਾਗਰਿਕਾਂ ਨੂੰ ਇੱਕ ਲੱਖ 33 ਹਜ਼ਾਰ 237 ਸਪੌਂਸਰਡ ਸਟੱਡੀ ਵੀਜ਼ੇ ਦਿੱਤੇ ਗਏ ਸਨ ਜਿਨ੍ਹਾਂ 'ਚ ਸਤੰਬਰ 2022 ਨੂੰ ਖ਼ਤਮ ਹੋਏ ਸਾਲ ਦੇ ਮੁਕਾਬਲੇ ਪੰਜ ਫ਼ੀਸਦੀ ਵਾਧਾ ਹੋਇਆ, ਪਰ ਉਨ੍ਹਾਂ ਦੀ ਗਿਣਤੀ ਸਤੰਬਰ 2019 ਨੂੰ ਖ਼ਤਮ ਹੋਏ ਸਾਲ ਦੀ ਤੁਲਨਾ 'ਚ ਹੁਣ ਤਕਰੀਬਨ ਪੰਜ ਗੁਣਾ ਵੱਧ ਹੈ।

# ਟਾਟਾ ਕੰਸਲਟੈਂਸੀ ਨੂੰ 751.73 ਕਰੋੜ ਦਾ ਜੁਰਮਾਨਾ

ਔਟਵਾ: US ਦੀ ਸਭ ਤੋਂ ਵੱਡੀ IT ਕੰਪਨੀ ਟਾਟਾ ਕੰਸਲਟੈਂਸੀ ਸਰਵਿਸਿਜ਼ (TCS) ਨੂੰ ਮੁੜ ਅਮਰੀਕੀ ਕੋਰਟ ਤੋਂ ਇੱਕ ਵੱਡਾ ਝਟਕਾ ਲੱਗਾ ਹੈ। ਅਜੇ ਕਰੀਬ ਇੱਕ ਹਫ਼ਤਾ ਪਹਿਲਾਂ ਹੀ ਉਸ ਨੂੰ ਅਮਰੀਕੀ ਸੁਪਰੀਮ ਕੋਰਟ ਨੇ ਐਪਿਕ ਸਿਸਟਮਜ਼ ਦੀ ਪਟੀਸ਼ਨ 'ਤੇ ਇੰਟੈਲੈਕਚੁਅਲ ਪ੍ਰੌਪਰਟੀਜ਼ ਦੀ ਚੋਰੀ ਦੇ ਮਾਮਲੇ 'ਚ TCS 'ਤੇ 14 ਕਰੋੜ ਦਾ ਜੁਰਮਾਨਾ ਲਗਾਇਆ ਸੀ। ਹੁਣ ਉਸ ਤੋਂ ਕਰੀਬ ਇੱਕ ਹਫ਼ਤੇ ਬਾਅਦ ਹੀ ਟੈਕਸਸ ਕੋਰਟ ਨੇ ਇੱਕ ਹੋਰ ਟ੍ਰੇਡ-ਸੀਕ੍ਰੇਟ ਕੇਸ 'ਚ ਇਸ ਨੂੰ DXC Tech ਨੂੰ 21 ਕਰੋੜ ਡਾਲਰ (1751.73 ਕਰੋੜ ਰੁਪਏ) ਅਦਾ ਕਰਨ ਦਾ ਹੁਕਮ ਦਿੱਤਾ ਹੈ।

ਇਹ ਕੇਸ ਕੰਪਿਊਟਰ ਸਾਇੰਸਿਜ਼ ਕੌਰਪੋਰੇਸ਼ਨ (CSC) ਨੇ ਫ਼ਾਈਲ ਕੀਤਾ ਸੀ ਜੋ HPE ਦੇ ਐਂਟਰਪ੍ਰਾਈਜ਼ ਸਰਵਿਸਿਜ਼ ਬਿਜ਼ਨਸ ਨਾਲ ਰਲੇਵੇਂ ਤੋਂ ਬਾਅਦ DXC Tech ਬਣ ਗਈ। ਪਿਛਲੇ ਹਫ਼ਤੇ ਅਮਰੀਕੀ ਸੁਪਰੀਮ ਕੋਰਟ ਤੋਂ ਝਟਕੇ ਤੋਂ ਬਾਅਦ TCS ਨੇ ਕਿਹਾ ਸੀ ਕਿ ਸਤੰਬਰ ਤਿਮਾਹੀ 'ਚ ਉਸ ਦੀ ਕਮਾਈ ਨੂੰ 12.5 ਕਰੋੜ ਡਾਲਰ ਦਾ ਝਟਕਾ ਲੱਗ ਸਕਦਾ ਹੈ। ਜਿਊਰੀ ਨੇ ਇਸ ਤੋਂ ਪਹਿਲਾਂ ਕਿਹਾ ਸੀ ਕਿ DXC ਦੇ ਟ੍ਰੇਡ ਸੀਕ੍ਰੇਟ ਦੀ ਗ਼ਲਤ ਵਰਤੋਂ ਲਈ TCS 'ਤੇ ਸੱਤ ਕਰੋੜ ਡਾਲਰ ਅਤੇ ਜਾਣਬੁਝ ਕੇ ਅਤੇ ਦੁਰਭਾਵਨਾਪੂਰਣ ਤਰੀਕੇ ਨਾਲ ਗ਼ਲਤ ਇਸਤੇਮਾਲ ਲਈ ਵਾਧੂ 14 ਕਰੋੜ ਡਾਲਰ ਦਾ ਬਕਾਇਆ ਹੈ। CSC ਨੇ ਇਹ ਮਾਮਲਾ 2019 'ਚ ਦਾਇਰ ਕੀਤਾ ਸੀ।

ASIAN ADVICE CENTRE

ਜੇ ਤੁਹਾਨੂੰ ਤੁਹਾਡੇ ਬਣਦੇ ਬੈਨੀਫਿਟਸ ਬਾਰੇ ਕੋਈ ਜਾਣਕਾਰੀ ਚਾਹੀਦੀ ਹੈ ਤਾਂ ਸਾਨੂੰ ਹੇਠ ਲਿਖੇ ਪਤੇ ਉਤੇ ਮਿਲੋ ਜਾਂ ਸੰਪਰਕ ਕਰੋ ਅਸੀਂ ਤੁਹਾਡੀ ਕਾਨੂੰਨ ਅਨੁਸਾਰ ਬਣਦੇ ਹੱਕ ਲੈਣ ਵਿੱਚ ਮਦਦ ਕਰ ਸਕਦੇ ਹਾਂ



Pesonal Independence Allowance (PIP)
Attendance Allowance (AA)
Job Seeker's Allowance (JSA)
Employment Support Allowance (ESA)

We can advise you to get the right Benefits for which you are entitled.
For Further Enquiries Please
Contact: Mr. Singh or Mr. Khan 07966 137 043 between 1pm to 6pm
24 Chestnut Way, Wolverhampton,WV3 8AE

ਪਰਚੇ ਵਿਚ ਲੇਖਕਾਂ ਵੱਲੋਂ ਪ੍ਰਗਟਾਏ ਗਏ ਵਿਚਾਰਾਂ ਨਾਲ ਮਨ ਜਿੱਤ ਸਮੂਹ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਸੰਪਾਦਕ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰ ਦੇਣ ਦਾ ਪੂਰਾ ਅਧਿਕਾਰ ਹੈ।
Mann Jitt Ltd. aim to make sure all services provided by those who advertise in this publication are genuine. However we are not liable for the services they provide. Mann Jitt Ltd. does not endorse any products or services advertised in the publication. advertiser's statements are independent of Mann Jitt Ltd. We do not accept responsibility for any unsolicited comments, photos or artwork. Mann Jitt Ltd. accepts no liability for any losses or damages occurred to any company, oraganisation or persons due to any advertisement or article in Mann Jitt weekly. Please seek legal advice before buying, hiring or contraction through any advertisements published.

# ਚੀਨ 'ਚ ਭੇਤਭਰੀ ਬੀਮਾਰੀ ਫ਼ੈਲਣ ਕਾਰਨ ਐਲਰਟ 'ਤੇ ਭਾਰਤ

ਨਵੀਂ ਦਿੱਲੀ: ਚੀਨ 'ਚ ਮੁੜ ਇੱਕ ਭੇਤਭਰੀ ਬੀਮਾਰੀ ਨੇ ਤਬਾਹੀ ਮਚਾਉਣੀ ਸ਼ੁਰੂ ਕਰ ਦਿੱਤੀ ਹੈ। ਇਸ ਬੀਮਾਰੀ ਦੇ ਲੱਛਣ ਨਿਮੋਨੀਆ ਵਾਂਗ ਦੱਸੇ ਜਾ ਰਹੇ ਹਨ ਅਤੇ ਵੱਡੀ ਗਿਣਤੀ 'ਚ ਬੱਚੇ ਬੀਮਾਰ ਹੋ ਰਹੇ ਹਨ। ਵਿਸ਼ਵ ਸਿਹਤ ਸੰਗਠਨ (WHO) ਨੇ 22 ਨਵੰਬਰ ਨੂੰ ਚੀਨ ਨੂੰ ਇਸ ਬੀਮਾਰੀ ਬਾਰੇ ਰਿਪੋਰਟ ਸਾਂਝੀ ਕਰਨ ਲਈ ਕਿਹਾ ਹੈ ਹਾਲਾਂਕਿ ਚੀਨ ਇਸ ਨੂੰ ਇੱਕ ਆਮ ਬੀਮਾਰੀ ਦੱਸ ਰਿਹਾ ਹੈ। ਇਸ ਤੋਂ ਬਾਅਦ ਚਰਚਾ ਹੋ ਰਹੀ ਹੈ ਕਿ ਕਿਤੇ ਇਹ ਬੀਮਾਰੀ ਕਿਸੇ ਹੋਰ ਮਹਾਂਮਾਰੀ ਦਾ ਸੰਕੇਤ ਤਾਂ ਨਹੀਂ।

ਇੱਕ ਰਿਪੋਰਟ ਅਨੁਸਾਰ, WHO ਨੇ ਵਿਸ਼ੇਸ਼ ਤੌਰ 'ਤੇ ਚੀਨ 'ਚ ਫ਼ੈਲ ਰਹੇ ਉਨ੍ਹਾਂ ਸਾਰੇ ਰੋਗਾਣੂਆਂ ਬਾਰੇ ਜਾਣਕਾਰੀ ਮੰਗੀ ਜਿਨ੍ਹਾਂ 'ਚ ਇਨਫ਼ਲੂਐਂਜ਼ਾ, ਸਾਰਸ-ਕੋਵ-2, ਸਾਹ ਲੈਣ ਵਾਲੇ ਸਿੰਸੀਟੀਅਲ ਵਾਇਰਸ (RSV) ਅਤੇ ਮਾਈਕੋਪਲਾਜ਼ਮਾ ਨਿਮੋਨੀਆ ਸ਼ਾਮਿਲ ਹਨ। ਇਸ ਦੇ ਨਾਲ ਹੀ ਸਿਹਤ ਸੰਗਠਨ ਨੇ ਦੇਸ਼ ਦੀ ਸਿਹਤ ਪ੍ਰਣਾਲੀ 'ਤੇ ਨਿਮੋਨੀਆ ਦੇ ਅਚਾਨਕ ਹਮਲੇ ਦੇ ਵੇਰਵੇ ਵੀ ਮੰਗੇ ਹਨ। ਇੱਕ ਵਿਧੀ ਪ੍ਰੋਮੇਡ, ਜੋ ਵਿਸ਼ਵ ਪੱਧਰ 'ਤੇ ਛੂਤ (ਸਾਹ) ਦੀਆਂ ਬੀਮਾਰੀਆਂ ਦੇ ਫ਼ੈਲਣ ਦੀ ਜਨਤਕ ਤੌਰ 'ਤੇ ਨਿਗਰਾਨੀ ਕਰਦੀ ਹੈ, ਦਾ ਕਹਿਣਾ ਹੈ ਕਿ ਚੀਨ ਅਤੀਤ 'ਚ ਅਜਿਹੀ ਜਾਣਕਾਰੀ ਸਾਂਝੀ ਕਰਨ 'ਚ ਪੂਰੀ ਤਰ੍ਹਾਂ ਪਾਰਦਰਸ਼ੀ ਨਹੀਂ ਰਿਹਾ। ਅਜਿਹੇ ਸਮੇਂ ਪੀੜਤ ਬੱਚਿਆਂ ਦੇ ਮਾਪੇ ਸਵਾਲ ਕਰ ਰਹੇ ਹਨ ਕਿ ਕੀ ਅਧਿਕਾਰੀ ਇਸ ਮਹਾਂਮਾਰੀ ਨੂੰ ਲੁਕਾ ਰਹੇ ਹਨ।


ਦੂਜੇ ਪਾਸੇ, ਭਾਰਤ ਦੇ ਸਿਹਤ ਮੰਤਰਾਲੇ ਨੇ ਕਿਹਾ ਹੈ ਕਿ ਭਾਰਤ ਨੂੰ ਏਵੀਅਨ ਫ਼ਲੂ ਦੇ ਮਾਮਲਿਆਂ ਦੇ ਨਾਲ-ਨਾਲ ਚੀਨ ਤੋਂ ਰਿਪੋਰਟ ਕੀਤੇ ਗਏ ਸਾਹ ਦੀਆਂ ਬੀਮਾਰੀਆਂ ਦੇ ਸਮੂਹਾਂ ਤੋਂ ਘੱਟ ਜੋਖ਼ਮ ਹੈ। ਇਹ ਬਿਆਨ ਉੱਤਰੀ ਚੀਨ 'ਚ ਬੱਚਿਆਂ 'ਚ ਸਾਹ ਦੀ ਬੀਮਾਰੀ ਦੇ ਕਲੱਸਟਰਿੰਗ ਦੇ ਸੰਕੇਤ ਦੇਣ ਦੀਆਂ ਰਿਪੋਰਟਾਂ ਤੋਂ ਬਾਅਦ ਆਇਆ ਹੈ। ਮੰਤਰਾਲੇ ਨੇ ਕਿਹਾ ਕਿ ਉਹ ਉੱਤਰੀ ਚੀਨ 'ਚ H9N ਦੇ ਦੋ ਕੇਸਾਂ ਅਤੇ ਬੱਚਿਆਂ 'ਚ ਸਾਹ ਦੀਆਂ ਬੀਮਾਰੀਆਂ ਦੇ ਸਮੂਹਾਂ ਦੇ ਫ਼ੈਲਣ ਦੀ ਨੇੜਿਓਂ ਨਿਗਰਾਨੀ ਕਰ ਰਿਹਾ ਹੈ। ਇਹ ਵੀ ਕਿਹਾ ਕਿ ਮਨੁੱਖੀ ਪਸ਼ੂ ਪਾਲਣ ਅਤੇ ਜੰਗਲੀ ਜੀਵ ਖੇਤਰਾਂ 'ਚਕਾਰ ਨਿਗਰਾਨੀ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਮੰਤਰਾਲੇ ਨੇ ਕਿਹਾ ਹੈ ਕਿ ਭਾਰਤ ਕਿਸੇ ਵੀ ਤਰ੍ਹਾਂ ਦੀ ਜਨਤਕ ਸਿਹਤ ਐਮਰਜੈਂਸੀ ਨਾਲ ਨਜਿੱਠਣ ਲਈ ਤਿਆਰ ਹੈ।

ਪ੍ਰੋਮੇਡ ਨੇ ਲੋਕਾਂ ਦੇ ਹਵਾਲੇ ਨਾਲ ਕਿਹਾ ਕਿ ਬੀਜਿੰਗ ਦੇ ਬੱਚਿਆਂ ਦੇ ਹਸਪਤਾਲਾਂ 'ਚ ਬੀਮਾਰ ਬੱਚਿਆਂ ਦੀ ਗਿਣਤੀ ਵੱਧ ਰਹੀ ਹੈ। ਬੱਚਿਆਂ 'ਚ ਤੇਜ਼ ਬੁਖਾਰ ਅਤੇ ਫ਼ੇਫੜਿਆਂ 'ਚ ਗੰਢਾਂ ਬਣਨ ਦੇ ਲੱਛਣ ਦਿਖਾਈ ਦੇ ਰਹੇ ਹਨ। ਬੀਜਿੰਗ ਤੋਂ ਲਗਭਗ 800 ਕਿਲੋਮੀਟਰ ਦੂਰ ਲਿਓਨਿੰਗ ਸੂਬੇ ਦੇ ਡੇਲੀਅਨ ਚਿਲਰਨ ਹੌਸਪਿਟਲ 'ਚ ਬੀਮਾਰ ਬੱਚਿਆਂ ਨੂੰ ਡ੍ਰਿੱਪ ਲਗਾਈ ਜਾ ਰਹੀ ਹੈ। ਉਥੇ ਹੀ ਹਸਪਤਾਲ ਦੇ ਇੱਕ ਸਟਾਫ਼ ਨੇ ਐਮਰਜੈਂਸੀ ਵਿਭਾਗ 'ਚ ਮਰੀਜ਼ਾਂ ਨੂੰ ਦੋ ਘੰਟੇ ਲਾਈਨ 'ਚ ਇੰਤਜ਼ਾਰ ਕਰਾਉਣ ਬਾਰੇ ਚਿੰਤਾ ਪ੍ਰਗਟਾਈ ਹੈ। ਪ੍ਰੋਮੇਡ ਦਾ ਕਹਿਣਾ ਹੈ ਕਿ ਇਹ ਸਪੱਸ਼ਟ ਨਹੀਂ ਕਿ ਬੀਮਾਰੀ ਕਦੋਂ ਸ਼ੁਰੂ ਹੋਈ ਹਾਲਾਂਕਿ ਇੰਨੇ ਸਾਰੇ ਬੱਚਿਆਂ ਦਾ ਇੰਨੀ ਜਲਦੀ ਪ੍ਰਭਾਵਿਤ ਹੋਣਾ ਹੈਰਾਨ ਕਰਨ ਵਾਲਾ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਚੀਨੀ ਅਧਿਕਾਰੀਆਂ ਨੇ 13 ਨਵੰਬਰ 2023 ਨੂੰ ਇੱਕ ਪ੍ਰੈੱਸ ਕਾਨਫ਼ਰੰਸ 'ਚ ਕਿਹਾ ਸੀ ਕਿ ਇਨਫ਼ਲੂਐਂਜ਼ਾ ਵਰਗੀਆਂ ਬੀਮਾਰੀਆਂ 'ਚ ਇਸ ਤਾਜ਼ਾ ਵਾਧੇ ਦਾ ਕਾਰਨ ਕੋਵਿਡ -19 ਪਾਬੰਦੀਆਂ ਨੂੰ ਹਟਾਉਣਾ ਹੈ।

# ਸੰਪਾਦਕ ਦੇ ਨਾਮ ਖ਼ਤ

ਸਤਿਕਾਰਯੋਗ ਪਿਆਰੇ ਵੀਰ 'ਮਨ ਜਿੱਤ' ਦੇ ਮੁੱਖ ਸੰਪਾਦਕ ਜੀਓ,

ਸਤਿ ਸ੍ਰੀ ਅਕਾਲ।



ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਬਾਰੇ ਲਿਖੀਆਂ ਤੁਹਾਡੀਆਂ ਕਵਿਤਾਵਾਂ ਮੈਂ ਬੜੇ ਗਹੁ ਨਾਲ ਪੜ੍ਹੀਆਂ ਜਿਨ੍ਹਾਂ ਵਿੱਚ ਤੁਸੀਂ ਗੁਰੂ ਸਾਹਿਬ ਜੀ ਦੇ ਸੰਦੇਸ਼ ਆਪਣਿਆਂ ਲਫ਼ਜ਼ਾਂ ਵਿੱਚ ਬਾ-ਖ਼ੂਬੀ ਪੇਸ਼ ਕੀਤੇ ਹਨ।ਕਾਸ਼! ਕਿਧਰੇ ਸਾਡਾ ਸਿੱਖ ਸਮਾਜ ਇਨ੍ਹਾਂ 'ਗੁਰੂ' ਦਿਆਂ ਸਿਧਾਂਤਾਂ ਨੂੰ ਅਮਲੀ ਜ਼ਾਮਾ ਪਹਿਨਾ ਲਵੇ ਤਾਂ ਸੱਚ ਮੁੱਚ ਹੀ ਅਪਨਾਉਣ ਵਾਲਿਆਂ ਦਾ ਜੀਵ ਗੌਰਵਮਈ ਬਣ ਸਕਦਾ ਹੈ।ਵੈਸੇ ਤੁਹਾਡੀਆਂ ਸਾਰੀਆਂ ਕਵਿਤਾਵਾਂ ਅਤੇ ਲੇਖਣੀਆਂ ਬਹੁਤ ਹੀ ਉਸਾਰੂ ਸੋਚ ਵਾਲੀਆਂ ਹੁੰਦੀਆਂ ਹਨ।

ਜਦੋਂ ਮੈਨੂੰ ਤੁਹਾਡੇ ਕੋਲੋਂ ਇਹ ਪਤਾ ਚੱਲਿਆ ਕਿ ਇਨ੍ਹਾਂ ਕਵਿਤਾਵਾਂ ਨੂੰ ਇੱਕ ਪੁਸਤਕ ਰੂਪ ਵਿੱਚ ਕਲਮਬੰਦ ਕੀਤਾ ਜਾ ਰਿਹਾ ਹੈ ਤਾਂ ਮੇਰੀ ਖੁਸ਼ੀ ਦੀ ਕੋਈ ਹੱਦ ਨਾ ਰਹੀ ਅਤੇ ਮੈਂ ਉਸ ਘੜ੍ਹੀ ਦੀ ਇੰਤਜ਼ਾਰ ਵਿੱਚ ਹਾਂ ਕਿ ਕਦੋਂ ਉਹ ਕਿਤਾਬ ਮੇਰੇ ਅਤੇ ਅਤੇ ਸੂਝਵਾਨ ਪਾਠਕਾਂ ਦੇ ਹੱਥ ਵਿੱਚ ਆਵੇ।ਬੇ-ਸਬਰੀ ਨਾਲ ਉਡੀਕ ਕਰ ਰਹੀ ਹਾਂ।

ਵਾਹਿਗੁਰੂ ਅੱਗੇ ਅਰਦਾਸ ਹੈ ਕਿ ਉਹ ਤੁਹਾਨੂੰ ਪੰਜਾਬੀ ਮਾਂ ਬੋਲੀ ਦੀ ਨਿਸ਼ਕਾਮ ਸੇਵਾ ਕਰਨ ਦਾ ਹੋਰ ਬਲ ਬਖ਼ਸ਼ੇ ਅਤੇ ਜਿਸ ਨਾਲ ਸਾਡਾ ਸੱਭਿਆਚਾਰ ਹੋਰ ਨਿਖ਼ਰਦਾ ਜਾਵੇ।

ਭੁੱਲ੍ਹ ਚੁੱਕ ਦੀ ਖ਼ਿਮਾ।

..............................

ਭੈਣ ਮਨ ਜੀਤ ਕੌਰ ਜੀ,

ਦਾਸ ਐਨਾ ਕਾਬਲ ਤਾਂ ਨਹੀਂ ਜਿਤਨੀਆਂ ਤੁਸੀਂ ਇਸ ਸਿੱਖਿਆਰਥੀ ਦੀਆਂ ਸਿਫ਼ਤਾਂ ਕਰ ਦਿੱਤੀਆਂ, ਦਾਸ ਨੇ ਤਾਂ ਇਹ ਸਭ ਕੁੱਝ ਤਹਿਾਡੇ ਵਰਗੇ ਸੂਝਵਾਨ ਪਾਠਕਾਂ ਅਤੇ ਲਿਖਾਰੀਆਂ ਤੋਂ ਹੀ ਸਿੱਖਿਆ ਹੈ ਜਿਨ੍ਹਾਂ ਨੂੰ ਆਪਣੀ ਅਲਪ ਬੁੱਧੀ ਨਾਲ ਸਭਦੇ ਅੱਗੇ ਪ੍ਰੋਸਿਆ ਹੈ।ਮੈਨੂੰ ਖੁਸ਼ੀ ਹੋਈ ਕਿ ਤੁਹਾਨੂੰ ਇਹ ਚੰਗਾ ਲੱਗਿਆ।

ਧੰਨਵਾਦ।

ਮੁੱਖ ਸੰਪਾਦਕ।



ਜਰਨੈਲ ਸਿੰਘ ਭੋਗਲ

ਸਤਿਕਾਰਯੋਗ ਉੱਘੇ ਕਵੀ ਅਤੇ ਚੰਗੀ ਕੌਮ ਉਸਾਰੀ ਕਰਨ ਵਾਲੇ ਸੂਝਵਾਨ ਅਧਿਆਪਕ, ਸ. ਜਰਨੈਲ ਸਿੰਘ ਭੋਗਲ ਜੀ।

ਸਤਿ ਸ੍ਰੀ ਅਕਾਲ।

ਮਨ ਜਿੱਤ ਦੀ ਸਿਫ਼ਤ ਵਿੱਚ ਤੁਹਾਡੀਆਂ ਆਹ ਸਤਰਾਂ, ਦਾਸ ਦਾ ਹੌਸਲਾ ਵਧਾਉਂਦੀਆਂ ਹਨ।

'ਮਨ ਜਿੱਤ ਸਾਰੇ ਪੜ੍ਹੋ, ਪੜ੍ਹਾਓ, ਮਨ ਜਿੱਤ ਚੰਗਾ ਪਰਚਾ ਹੈ।
ਬਿਨਾ ਖੇਚਲੋਂ ਮਿਲ ਜਾਂਦਾ ਹੈ, ਨਾ ਕੋਈ ਇਸਦਾ ਖਰਚਾ ਹੈ।
ਚੰਗੀਆਂ ਖਬਰਾਂ ਚੰਗਾ ਸਾਹਿਤ, ਚੰਗੀਆਂ ਬਾਤਾਂ ਪਾਉਂਦਾ ਹੈ।
ਹਰ ਕੋਈ ਚਾਵਾਂ ਨਾਲ ਉਡੀਕੇ, ਘਰ ਘਰ ਇਸਦੀ ਚਰਚਾ ਹੈ'।

ਵੀਰ ਭੋਗਲ ਸਾਹਿਬ ਜੀ, ਇਹ ਸਭ ਤੁਹਾਡੀਆਂ ਹੀ ਮਿਹਰਾਂ ਸਦਕਾ ਹੋ ਰਿਹਾ ਹੈ।

ਤੁਹਾਡਾ ਬਹੁਤ ਬਹੁਤ ਧੰਨਵਾਦ।

ਮੁੱਖ ਸੰਪਾਦਕ।

# ਐਲੀ ਮਾਂਗਟ ਨੂੰ ਮਾਰਨ ਆਏ ਸ਼ੂਟਰ ਮੁਕਾਬਲੇ ਮਗਰੋਂ ਗ੍ਰਿਫ਼ਤਾਰ



ਨਵੀਂ ਦਿੱਲੀ: ਗੈਂਗਸਟਰ ਅਰਸ਼ਦੀਪ ਸਿੰਘ ਉਰਫ਼ ਅਰਸ਼ ਡੱਲਾ ਗੈਂਗ ਦੇ ਦੋ ਸ਼ੂਟਰਾਂ ਨੂੰ ਪੂਰਬੀ ਦਿੱਲੀ ਦੇ ਮਯੂਰ ਵਿਹਾਰ ਕੋਲ ਦਿੱਲੀ ਪੁਲੀਸ ਦੇ ਸਪੈਸ਼ਲ ਸੈੱਲ ਨਾਲ ਮੁਕਾਬਲੇ ਮਗਰੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਅਧਿਕਾਰੀਆਂ ਮੁਤਾਬਿਕ ਗ੍ਰਿਫ਼ਤਾਰ ਕੀਤੇ ਗਏ ਦੋਸ਼ੀਆਂ ਦੀ ਪਛਾਣ ਰਾਜਪ੍ਰੀਤ ਸਿੰਘ (35) ਅਤੇ ਵਰਿੰਦਰ ਸਿੰਘ (22) ਦੇ ਰੂਪ 'ਚ ਹੋਈ ਹੈ, ਜੋ ਕਿ ਪੰਜਾਬ ਗਾਇੱਕ ਐਲੀ ਮਾਂਗਟ ਦਾ ਕਤਲ ਕਰ ਆਏ ਸਨ।

ਇੱਕ ਸੀਨੀਅਰ ਪੁਲੀਸ ਅਧਿਕਾਰੀ ਨੇ ਕਿਹਾ ਕਿ ਮੁਕਾਬਲੇ ਦੌਰਾਨ ਦੋਸ਼ੀਆਂ ਨੇ ਪੰਜ ਗੋਲੀਆਂ ਚਲਾਈਆਂ ਜਿਨ੍ਹਾਂ 'ਚੋਂ ਦੋ ਗੋਲੀਆਂ ਇੱਕ ਪੁਲੀਸ ਮੁਲਾਜ਼ਮ ਦੀ ਬੁਲੇਟ ਪਰੂਫ਼ ਜੈਕੇਟ 'ਤੇ ਲੱਗੀਆਂ। ਜਵਾਬੀ ਕਾਰਵਾਈ 'ਚ ਪੁਲੀਸ ਨੇ ਵੀ ਛੇ ਗੋਲੀਆਂ ਚਲਾਈਆਂ।

ਮੁਕਾਬਲੇ ਦੌਰਾਨ ਦੋਸ਼ੀਆਂ 'ਚੋਂ ਇੱਕ ਵਰਿੰਦਰ ਸਿੰਘ ਦੇ ਸੱਜੇ ਪੈਰ 'ਚ ਗੋਲੀ ਲੱਗ ਗਈ। ਦੋਵਾਂ ਦੋਸ਼ੀਆਂ ਨੂੰ ਮੁਕਾਬਲੇ ਮਗਰੋਂ ਲਾਲ ਬਹਾਦੁਰ ਸਿੰਘ ਹਸਪਤਾਲ ਲਿਜਾਇਆ ਗਿਆ। ਪੁਲੀਸ ਨੇ ਦੱਸਿਆ ਕਿ ਦੋਸ਼ੀਆਂ ਕੋਲ ਦੋ ਰਿਵਾਲਵਰ, 13 ਕਾਰਤੂਸ, ਇੱਕ ਹੱਥ ਗੋਲਾ ਅਤੇ ਇੱਕ ਚੋਰੀ ਦੀ ਮੋਟਰਸਾਈਕਲ ਜ਼ਬਤ ਕੀਤੇ ਗਏ। ਦੋਸ਼ੀਆਂ ਖਿਲਾਫ਼ ਕਤਲ ਦੀ ਕੋਸ਼ਿਸ਼, ਵਿਸਫ਼ੋਟਕ ਪਦਾਰਥ ਐਕਟ ਅਤੇ ਹਥਿਆਰ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

ਸੀਨੀਅਰ ਪੁਲੀਸ ਅਧਿਕਾਰੀ ਨੇ ਕਿਹਾ ਕਿ ਪੁੱਛਗਿੱਛ ਦੌਰਾਨ ਦੋਸ਼ੀਆਂ ਨੇ ਕਬੂਲ ਕੀਤਾ ਕਿ ਉਨ੍ਹਾਂ ਨੂੰ ਅਰਸ਼ਦੀਪ ਸਿੰਘ ਨੇ ਗਾਇਕ ਐਲੀ ਮਾਂਗਟ ਦਾ ਕਤਲ ਕਰਨ ਦਾ ਕੰਮ ਸੌਂਪਿਆ ਸੀ। ਪੁਲੀਸ ਅਧਿਕਾਰੀ ਨੇ ਕਿਹਾ ਕਿ ਦੋਸ਼ੀਆਂ ਨੇ ਅਕਤੂਬਰ 'ਚ ਪੰਜਾਬ ਦੇ ਬਠਿੰਡਾ 'ਚ ਕਤਲ ਦੀ ਕੋਸ਼ਿਸ਼ ਕੀਤੀ ਪਰ ਅਸਫ਼ਲ ਰਹੇ ਕਿਉਂਕ ਮਾਂਗਟ ਘਰ ਨਹੀਂ ਸੀ।

# ਕੈਨੇਡਾ 'ਚ 20 ਸਾਲਾ ਲੜਕੀ ਨੂੰ ਠੰਡ ਕਾਰਣ ਪਿਆ ਦੌਰਾ, ਹੋਈ ਮੌਤ

ਕੈਲਗਰੀ: ਕੈਨੇਡਾ 'ਚ ਨੌਜਵਾਨ ਮੁੰਡੇ-ਕੁੜੀਆਂ ਦੀ ਮੌਤ ਦੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ। ਤਾਜ਼ਾ ਮਾਮਲਾ ਅਮਰਗੜ੍ਹ ਦਾ ਸਾਹਮਣੇ ਆਇਆ ਹੈ ਜਿੱਥੋਂ ਲਗਭਗ ਛੇ ਮਹੀਨੇ ਪਹਿਲਾਂ ਕੈਨੇਡਾ ਪੜ੍ਹਨ ਗਈ 20 ਸਾਲਾ ਵਿਦਿਆਰਥਣ ਦੀ ਦਿਲ ਦਾ ਦੌਰਾ ਪੈਣ ਕਾਰਨ ਅਚਾਨਕ ਮੌਤ ਹੋ ਗਈ। ਲੜਕੀ ਦੇ ਪਿਤਾ ਸਤਬੀਰ ਸਿੰਘ ਸੋਹੀ ਵਾਸੀ ਅਮਰਗੜ੍ਹ ਨੇ ਦੱਸਿਆ ਕਿ ਉਨ੍ਹਾਂ ਦੀ ਬੇਟੀ ਪ੍ਰਨੀਤ ਕੌਰ ਅਪ੍ਰੈਲ ਮਹੀਨੇ ਕੈਲਗਰੀ ਗਈ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਧੀ ਦੀ ਸਹੇਲੀ ਦਾ ਫ਼ੋਨ ਆਇਆ ਕਿ ਉਸ ਨੂੰ ਠੰਢ ਲੱਗਣ ਉਪਰੰਤ ਦਿਲ ਦਾ ਦੌਰਾ ਪੈ ਗਿਆ ਹੈ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਵਲੋਂ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ।

ਜੇ ਤੁਸੀਂ ਹੇਠ ਲਿਖੀਆਂ ਤਕਲੀਫਾਂ:-



ਜਿਵੇਂ ਧਰੁਨ, ਚੁੱਕ, ਸਲਿੱਪ ਡਿਸਕ,
ਜੋੜਾਂ ਦਾ ਉਤਰਨਾ, ਬੈਕ ਜਾਂ ਗਰਦਨ
ਦੀ ਤਕਲੀਫ, ਮਾਈਗ੍ਰੇਨ, ਸਿਰ ਦਰਦ,
ਸਟਰੈੱਸ ਜਾਂ ਐਂਗਜ਼ਾਇਟੀ, ਬਲੱਡ
ਸਰਕੂਲੇਸ਼ਨ ਜਾਂ ਮਰਦਾਨਾ ਕਮਜ਼ੋਰੀ
ਆਦਿ ਤੋਂ ਪੀੜਤ ਹੋ।
ਤਾਂ ਹੇਠ ਲਿਖੇ ਨੰਬਰ ਤੇ ਸੰਪਰਕ ਕਰੋ।



Mr. Singh 07721 827 977

ਇਹ ਸੇਵਾ ਤੁਹਾਡੇ ਘਰ ਆਕੇ ਵੀ ਕੀਤੀ ਜਾ ਸਕਦੀ ਹੈ।
ਦੇਖਿਓ ਕਿਵੇਂ ਫਾਇਦਾ ਪਹੁੰਚਦਾ।
ਸਾਨੂੰ ਜੱਦੀ ਬਖ਼ਸ਼ ਹੈ।

ਸਕਾਈਵੇਜ਼ ਟਰੈਵਲ ਬਰਮਿੰਘਮ



ਅਸੀਂ ਦੁਨੀਆਂ ਭਰ ਵਿੱਚ ਜਾਣ ਲਈ ਸਸਤੀਆਂ ਹਵਾਈ ਟਿਕਟਾਂ
ਦੇ ਨਾਲ ਨਾਲ ਹੇਠ ਲਿਖੀਆਂ ਸੇਵਾਵਾਂ ਵੀ ਦਿੰਦੇ ਹਾਂ ਜਿਵੇਂ:-

1. SPONSORSHIP DECLARATION.
2. Accommodation arrangement Worldwide.
3. Affidavits. Wills. Power of Attorneys.
4. Certify Documents.

ਅਸੀਂ ਤੁਹਾਨੂੰ ਸਹੀ ਸਰਕਾਰੀ ਭੱਤੇ ਜਾਂ ਫਾਇਦੇ ਦਿਵਾਉਣ ਵਿੱਚ ਮੱਦਦ ਕਰ ਸਕਦੇ ਹਾਂ ਜਿਨ੍ਹਾਂ ਬਾਰੇ ਤੁਹਾਨੂੰ ਪੂਰੀ ਜਾਣਕਾਰੀ ਨਹੀਂ ਅਤੇ ਬਣਦੇ ਫਾਇਦਿਆਂ ਤੋਂ ਵਾਂਝੇ ਹੋ।
ਇਹ ਫਾਇਦਾ ਉਠਾਉਣ ਜਾਂ ਸਲਾਹ ਲੈਣ ਲਈ Mr. Khan ਨੂੰ ਇਸ ਨੰਬਰ ਤੇ 07966 137 043 ਜਾਂ Mr. Sandhi ਨੂੰ 07960 518 986 ਤੇ ਸੰਪਰਕ ਕਰੋ।

SKYWAYS TRAVEL BIRMINGHAM LTD.
274B Soho Road, Handsworth B21 9LX
Contact: Mr. & Mrs. Sandhi
Email:skywaystravel1007@hotmail.com
Tel:0121 523 3050(3lines) Or 08456 441 740(3lines)

# ਮੁਜੀਬੁਰ ਰਹਿਮਾਨ ਦੇ ਕਾਤਲ ਦੀ ਕੈਨੇਡਾ ਤੋਂ ਹਵਾਲਗੀ ਲਈ ਬੰਗਲਾਦੇਸ਼ ਦਾਇਰ ਕਰੇਗਾ ਅਪੀਲ

ਵੈਨਕੂਵਰ: ਬੰਗਲਾਦੇਸ਼ ਸਰਕਾਰ ਨੇ ਸ਼ੇਖ਼ ਮੁਜੀਬੁਰ ਰਹਿਮਾਨ ਦੇ ਕਾਤਲ ਨੂਰ ਚੌਧਰੀ ਦੀ ਹਵਾਲਗੀ ਲਈ ਕੈਨੇਡਾ ਨੂੰ ਮੁੜ ਅਪੀਲ ਕੀਤੀ ਹੈ। ਦਰਅਸਲ ਇੱਕ ਨਵੀਂ ਡਾਕਿਊਮੈਂਟਰੀ 'ਚ ਖ਼ੁਲਾਸਾ ਹੋਇਆ ਹੈ ਕਿ ਬੰਗਬੰਧੂ ਮੁਜੀਬ ਉਰ ਰਹਿਮਾਨ ਦਾ ਕਾਤਲ ਨੂਰ ਚੌਧਰੀ ਕੈਨੇਡਾ 'ਚ ਆਰਾਮ ਨਾਲ ਰਹਿ ਰਿਹਾ ਹੈ। ਇਸ ਡਾਕਿਊਮੈਂਟਰੀ ਦੇ ਆਧਾਰ 'ਤੇ ਬੰਗਲਾਦੇਸ਼ ਸਰਕਾਰ ਨੇ ਨੂਰ ਚੌਧਰੀ ਦੀ ਹਵਾਲਗੀ ਲਈ ਕੈਨੇਡਾ 'ਚ ਨਵੀਂ ਪਟੀਸ਼ਨ ਦਾਇਰ ਕੀਤੀ ਹੈ। ਕੈਨੇਡਾ 'ਚ ਬੰਗਲਾਦੇਸ਼ ਦੇ ਹਾਈ ਕਮਿਸ਼ਨਰ ਖ਼ਲੀਲੁਰ ਰਹਿਮਾਨ ਨੇ ਕਿਹਾ, "ਦਸਤਾਵੇਜ਼ੀ ਤੋਂ ਮਿਲੇ ਨਵੇਂ ਸਬੂਤਾਂ ਤੋਂ ਬਾਅਦ ਅਸੀਂ ਚੁੱਪ ਨਹੀਂ ਬੈਠੇ। ਅਸੀਂ ਉਸ



ਦੀ ਜਲਦੀ ਹਵਾਲਗੀ ਲਈ ਕੈਨੇਡੀਅਨ ਸਰਕਾਰ ਨੂੰ ਨਵੀਂ ਅਪੀਲ ਕਰ ਰਹੇ ਹਾਂ।" ਰਹਿਮਾਨ ਨੇ ਦੱਸਿਆ ਕਿ ਨੂਰ ਚੌਧਰੀ ਸਾਲ 1996 'ਚ ਕੈਨੇਡਾ ਆਇਆ ਸੀ ਅਤੇ ਪਿਛਲੇ 28 ਸਾਲਾਂ ਤੋਂ ਕੈਨੇਡਾ 'ਚ ਆਰਾਮ ਨਾਲ ਰਹਿ ਰਿਹਾ ਹੈ, ਭਾਵੇਂ ਉਹ ਇੱਕ ਗੰਭੀਰ ਅਪਰਾਧ ਦਾ ਦੋਸ਼ੀ ਹੈ। ਬੰਗਲਾਦੇਸ਼ ਸਰਕਾਰ ਉਸ ਦੀ ਹਵਾਲਗੀ ਦੀ ਕੋਸ਼ਿਸ਼ ਕਰ ਰਹੀ ਹੈ।ਕੈਨੇਡਾ 'ਚ ਬੰਗਲਾਦੇਸ਼ ਦੇ ਹਾਈ ਕਮਿਸ਼ਨਰ ਨੇ ਕਿਹਾ, "ਸਾਡਾ ਦੋਸਤ ਕੈਨੇਡਾ ਸਾਡੀਆਂ ਚਿੰਤਾਵਾਂ ਨੂੰ ਨਹੀਂ ਸਮਝ ਰਿਹੈ। ਕੈਨੇਡਾ ਅਤੇ ਹੋਰ ਵਿਕਸਿਤ ਰਾਸ਼ਟਰ ਮਨੁੱਖੀ ਅਧਿਕਾਰਾਂ ਦੀ ਰਾਖੀ ਅਤੇ ਪ੍ਰਚਾਰ ਦੀ ਗੱਲ ਕਰਦੇ ਹਨ, ਪਰ ਨੂਰ ਚੌਧਰੀ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ ਅਤੇ ਮਨੁੱਖਤਾ ਵਿਰੁੱਧ ਅਪਰਾਧ ਕੀਤੇ। ਇਸ ਦੇ ਬਾਵਜੂਦ ਕੈਨੇਡਾ ਉਸ ਨੂੰ ਬਚਾ ਰਿਹਾ ਹੈ। ਉਹ ਕਾਤਲ ਦੇ ਹੱਕਾਂ ਦੀ ਰਾਖੀ ਕਰ ਰਿਹਾ ਹੈ ਪਰ ਪੀੜਤ ਪਰਿਵਾਰ ਨਾਲ ਇਨਸਾਫ਼ ਨਹੀਂ ਕਰ ਰਿਹਾ। ਇਹ ਅਸਲ 'ਚ ਇੱਕ ਦੋਹਰਾ ਮਿਆਰ ਹੈ।ਖ਼ਲੀਲੁਰ ਰਹਿਮਾਨ ਨੇ ਕਿਹਾ, "ਸਾਨੂੰ ਪਹਿਲਾਂ ਹੀ ਪਤਾ ਸੀ ਕਿ ਨੂਰ ਚੌਧਰੀ ਉਸ ਘਰ 'ਚ ਰਹਿੰਦਾ ਹੈ ਪਰ ਉਹ ਕਦੇ ਵੀ ਕੈਮਰੇ 'ਚ ਕੈਦ ਨਹੀਂ ਹੋਇਆ। ਹੁਣ ਹਰ ਕੋਈ ਦਸਤਾਵੇਜ਼ੀ ਫ਼ਿਲਮ ਤੋਂ ਜਾਣਦਾ ਹੈ ਕਿ ਉਹ 28 ਸਾਲਾਂ ਤੋਂ ਕੈਨੇਡਾ 'ਚ ਰਹਿ ਰਿਹਾ ਹੈ। ਇਸ ਲਈ ਅਸੀਂ ਕੈਨੇਡਾ ਸਰਕਾਰ ਅੱਗੇ ਨਵੀਂ ਪਟੀਸ਼ਨ ਦਾਇਰ ਕਰਾਂਗੇ। 15 ਅਗਸਤ 1975 ਨੂੰ ਫ਼ੌਜ ਦੇ ਕੁਝ ਜੂਨੀਅਰ ਅਫ਼ਸਰਾਂ ਨੇ ਢਾਕਾ ਦੇ 32 ਧਨਮੰਡੀ ਸਥਿਤ ਸ਼ੇਖ਼ ਮੁਜੀਬ ਉਰ ਰਹਿਮਾਨ ਦੀ ਰਿਹਾਇਸ਼ 'ਤੇ ਹਮਲਾ ਕਰ ਦਿੱਤਾ। ਇਸ ਹਮਲੇ 'ਚ ਬੰਗਲਾਦੇਸ਼ ਦੇ ਰਾਸ਼ਟਰ ਪਿਤਾ ਸ਼ੇਖ਼ ਮੁਜੀਬੁਰ ਰਹਿਮਾਨ ਅਤੇ ਉਨ੍ਹਾਂ ਦੇ ਪੂਰੇ ਪਰਿਵਾਰ ਦੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ। ਉਸ ਸਮੇਂ ਸ਼ੇਖ਼ ਮੁਜੀਬ ਦੀਆਂ ਦੋ ਧੀਆਂ ਇਸ ਹਮਲੇ 'ਚ ਬਚ ਗਈਆਂ ਸਨ ਜਿਨ੍ਹਾਂ 'ਚੋਂ ਇੱਕ ਸ਼ੇਖ਼ ਹਸੀਨਾ ਬੰਗਲਾਦੇਸ਼ ਦੀ ਮੌਜੂਦਾ ਪ੍ਰਧਾਨ ਮੰਤਰੀ ਹੈ।

# ਇੱਥੇ ਨਹੀਂ ਹੈ ਬਿਜਲੀ, ਫ਼ੋਨ ਤਾਂ ਦੂਰ, ਲੋਕਾਂ ਨੇ ਦੇਖੇ ਨਹੀਂ ਬਲਬ

ਨਵੀਂ ਦਿੱਲੀ: ਭਾਰਤ ਵਰਗੇ ਵਿਸ਼ਾਲ ਦੇਸ਼ ਦਾ ਇੱਕ ਅਜਿਹਾ ਪਿੰਡ ਹੈ ਜਿੱਥੇ ਕਦੇ ਬਿਜਲੀ ਨਹੀਂ ਆਈ। ਭੁਵਨੇਸ਼ਵਰ ਤੋਂ ਸਿਰਫ਼ 20 ਕਿਲੋਮੀਟਰ ਦੂਰ ਢੋਲਕਾਠ ਨਾਂ ਦਾ ਪਿੰਡ ਅੱਜ ਵੀ ਸਿੱਖਿਆ, ਸਿਹਤ, ਪੀਣ ਵਾਲੇ ਪਾਣੀ ਵਰਗੀਆਂ ਜ਼ਰੂਰੀ ਸਹੂਲਤਾਂ 'ਚ ਵੀ ਪਿਛੜਿਆ ਹੈ। TV, ਸਮਾਰਟ ਫ਼ੋਨ, ਕੰਪਿਊਟਰ ਤਾਂ ਦੂਰ ਦੀ ਗੱਲ ਹੈ, ਇਸ ਪਿੰਡ ਦੇ ਲੋਕਾਂ ਨੇ ਅੱਜ ਤਕ ਸੋਲਰ ਬਲਬ ਆਦਿ ਵਰਗੀ ਚੀਜ਼ ਦਾ ਵੀ ਇਸਤੇਮਾਲ ਨਹੀਂ ਕੀਤਾ। ਗੰਭੀਰ ਗੱਲ ਹੈ ਕਿ ਤਾਪਸ ਦਾ ਪਿੰਡ ਕਿਸੇ ਦੂਰ-ਦੁਰਾਡੇ ਇਲਾਕੇ 'ਚ ਨਹੀਂ ਹੈ ਸਗੋਂ ਓਡੀਸ਼ਾ ਦੀ ਰਾਜਧਾਨੀ ਭੁਵਨੇਸ਼ਵਰ ਤੋਂ ਸਿਰਫ਼ 20 ਕਿਲੋਮੀਟਰ ਦੀ ਦੂਰੀ 'ਤੇ ਹੈ।

ਇਹ ਪਿੰਡ ਸਿਰਫ਼ ਬਿਜਲੀ ਹੀ ਨਹੀਂ ਸਗੋਂ ਸਿੱਖਿਆ, ਸਿਹਤ, ਟਰਾਂਸਪੋਰਟ, ਟੌਇਲਟ, ਪੀਣ ਵਾਲੇ ਪਾਣੀ ਵਰਗੀਆਂ ਜ਼ਰੂਰਤਾਂ ਤੋਂ ਵੀ ਵਾਂਝਾ ਹੈ।

.ਪਿੰਡ ਵਾਸੀਆਂ ਦਾ ਕਹਿਣਾ ਹੈ ਕਿ 1982 ਤੋਂ ਲੈ ਕੇ ਅੱਜ ਤਕ ਢੋਲਕਾਠ ਸਮੇਤ ਨੇੜੇ-ਤੇੜੇ ਦੇ ਪੰਜ ਪਿੰਡ ਬੁਨਿਆਦੀ ਜ਼ਰੂਰਤਾਂ ਨੂੰ ਵੀ ਤਰਸ ਰਹੇ ਹਨ। ਤਕਰੀਬਨ 10 ਸਾਲ ਪਹਿਲੇ ਪ੍ਰਸ਼ਾਸਨ ਅਤੇ ਜੰਗਲਾਤ ਵਿਭਾਗ ਦੇ ਕਰਮਚਾਰੀ ਸਮਝਾ ਬੁਝਾ ਕੇ ਕੁੱਝ ਲੋਕ ਵਿਵਸਥਾ 'ਤੇ ਭਰੋਸਾ ਕਰ ਕੇ ਵਿਸਥਾਪਿਤ ਹੋਣ ਨੂੰ ਰਾਜ਼ੀ ਹੋ ਗਏ, ਪਰ ਅੱਜ ਤਕ ਸਰਕਾਰ ਨੇ ਉਨ੍ਹਾਂ ਨੂੰ ਕੋਈ ਸਹੂਲਤ ਜਾਂ ਰੁਜ਼ਗਾਰ ਦੀ ਵਿਵਸਥਾ ਨਹੀਂ ਦਿਵਾਈ। ਪਿੰਡ ਵਾਸੀਆਂ ਦਾ ਕਹਿਣਾ ਹੈ, ਜੇਕਰ ਸਰਕਾਰ ਉਨ੍ਹਾਂ ਦੀਆਂ ਸ਼ਰਤਾਂ ਪੂਰੀਆਂ ਕਰਨ ਲਈ ਤਿਆਰ ਹੈ ਤਾਂ ਉਹ ਵਿਸਥਾਪਿਤ ਹੋਣ ਲਈ ਰਾਜ਼ੀ ਹਨ। ਇਸ ਦੇ ਵਿਕਲਪ ਘੱਟੋ-ਘੱਟ ਸਹੂਲਤਾਂ ਨਾਲ ਬਿਜਲੀ ਦੀ ਵਿਵਸਥਾ ਲਈ ਉਨ੍ਹਾਂ ਦੇ ਪਿੰਡ ਨੂੰ ਸੋਲਰ ਪਿੰਡ 'ਚ ਬਦਲਿਆ ਜਾਵੇ ਤਾਂ ਜੀਵਨ 'ਚ ਸੁਧਾਰ ਹੋ ਸਕਦਾ ਹੈ।

# ਬੱਚਿਆਂ 'ਚ ਤੇਜ਼ੀ ਨਾਲ ਫ਼ੈਲ ਰਹੀ ਹੈ ਖ਼ਤਰਨਾਕ ਮਹਾਂਮਾਰੀ

ਬੀਜਿੰਗ: ਕੋਰੋਨਾ ਮਹਾਂਮਾਰੀ ਦੇ ਪ੍ਰਭਾਵਾਂ ਨਾਲ ਜੂਝ ਰਹੇ ਚੀਨ 'ਚ ਹੁਣ ਇੱਕ ਨਵੀਂ ਬੀਮਾਰੀ ਨੇ ਵੱਡੇ ਪੱਧਰ 'ਤੇ ਦਸਤਕ ਦਿੱਤੀ ਹੈ। ਦੇਸ਼ ਭਰ ਦੇ ਚੀਨੀ ਸਕੂਲਾਂ 'ਚ ਇੱਕ ਹੋਰ ਬੀਮਾਰੀ ਤੇਜ਼ੀ ਨਾਲ ਫ਼ੈਲ ਰਹੀ ਹੈ। ਇੱਥੋਂ ਦੇ ਸਕੂਲਾਂ 'ਚ ਰਹੱਸਮਈ ਨਿਮੋਨੀਆ ਦਾ ਪ੍ਰਕੋਪ ਵਧਦਾ ਜਾ ਰਿਹਾ ਹੈ, ਅਤੇ ਇਹ ਚਿੰਤਾਜਨਕ ਸਥਿਤੀ ਕੋਵਿਡ ਸੰਕਟ ਦੇ ਸ਼ੁਰੂਆਤੀ ਦਿਨਾਂ ਦੀ ਯਾਦ ਦਿਵਾ ਰਹੀ ਹੈ। 500 ਮੀਲ ਉੱਤਰ-ਪੂਰਬ 'ਚ ਬੀਜਿੰਗ ਅਤੇ ਲਿਓਨਿੰਗ ਦੇ ਹਸਪਤਾਲਾਂ 'ਚ ਵੱਡੀ ਗਿਣਤੀ 'ਚ ਬੱਚਿਆਂ ਨੂੰ ਦਾਖ਼ਲ ਕਰਵਾਇਆ ਜਾ ਰਿਹਾ ਹੈ। ਸਥਾਨਕ ਮੀਡੀਆ ਰਿਪੋਰਟਾਂ ਅਨੁਸਾਰ, ਇਸ ਰਹੱਸਮਈ ਨਿਮੋਨੀਆ ਦੇ ਪ੍ਰਕੋਪ ਕਾਰਨ ਜ਼ਿਆਦਾਤਰ ਸਕੂਲ ਬੰਦ ਹਨ।



ਇਸ ਰਹੱਸਮਈ ਨਿਮੋਨੀਆ ਤੋਂ ਪ੍ਰਭਾਵਿਤ ਬੱਚਿਆਂ 'ਚ ਫ਼ੇਫੜਿਆਂ 'ਚ ਸੋਜ ਅਤੇ ਤੇਜ਼ ਬੁਖ਼ਾਰ ਸਮੇਤ ਅਸਾਧਾਰਣ ਲੱਛਣ ਦਿਖਾਈ ਦੇ ਰਹੇ ਹਨ। ਹਾਲਾਂਕਿ ਉਨ੍ਹਾਂ ਬੱਚਿਆਂ 'ਚ ਫ਼ਲੂ, RSV ਅਤੇ ਸਾਹ ਦੀਆਂ ਬੀਮਾਰੀਆਂ ਨਾਲ ਸਬੰਧਤ ਖੰਘ ਅਤੇ ਹੋਰ ਲੱਛਣ ਨਹੀਂ ਦੇਖੇ ਜਾਂਦੇ। ਓਪਨ-ਐਕਸੈੱਸ ਨਿਗਰਾਨੀ ਪਲੈਟਫ਼ੌਰਮ ਨੇ ਅਣਪਛਾਤੇ ਨਿਮੋਨੀਆ ਦੀ ਇੱਕ ਉੱਭਰ ਰਹੀ ਮਹਾਂਮਾਰੀ, ਖਾਸ ਕਰ ਕੇ ਬੱਚਿਆਂ ਨੂੰ ਪ੍ਰਭਾਵਿਤ ਕਰਨ ਬਾਰੇ ਇੱਕ ਚਿਤਾਵਨੀ ਜਾਰੀ ਕੀਤੀ।

ਪ੍ਰੋਮੇਡ ਨੇ ਕਿਹਾ, "ਇਹ ਸਪੱਸ਼ਟ ਨਹੀਂ ਕਿ ਇਹ ਪ੍ਰਕੋਪ ਕਦੋਂ ਸ਼ੁਰੂ ਹੋਇਆ ਕਿਉਂਕਿ ਇੰਨੇ ਸਾਰੇ ਬੱਚਿਆਂ ਦਾ ਇੰਨੀ ਜਲਦੀ ਪ੍ਰਭਾਵਿਤ ਹੋਣਾ ਅਸਧਾਰਣ ਨਹੀਂ। ਇਸ ਤੋਂ ਇਲਾਵਾ, ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਇਹ ਅੰਦਾਜ਼ਾ ਲਗਾਉਣਾ ਬਹੁਤ ਜਲਦਬਾਜ਼ੀ ਹੈ ਕਿ ਕੀ ਇਹ ਇੱਕ ਹੋਰ ਮਹਾਂਮਾਰੀ ਹੋ ਸਕਦੀ ਹੈ, ਪਰ ਸਾਨੂੰ ਫ਼ਿਰ ਵੀ ਸਾਵਧਾਨੀ ਵਰਤਣੀ ਚਾਹੀਦੀ ਹੈ। ਇੱਕ ਤਾਇਵਾਨੀ ਆਊਟਲੈੱਟ FTV News ਨੇ ਦੱਸਿਆ ਕਿ ਨਵੇਂ ਪ੍ਰਕੋਪ ਕਾਰਨ ਹਸਪਤਾਲਾਂ 'ਚ ਵੱਡੀ ਗਿਣਤੀ 'ਚ ਬੀਮਾਰ ਬੱਚੇ ਹਨ। ਇਸ 'ਚ ਕਿਹਾ ਗਿਆ ਹੈ ਕਿ ਮਾਪਿਆਂ ਨੇ ਸਵਾਲ ਕੀਤਾ ਕਿ ਕੀ ਅਧਿਕਾਰੀ ਮਹਾਂਮਾਰੀ ਨੂੰ ਲੁਕਾ ਰਹੇ ਸਨ, ਪਰ ਇਹ ਸ਼ੱਕ ਹੈ ਕਿ ਨਵਾਂ ਪ੍ਰਕੋਪ ਮਾਈਕੋਪਲਾਜ਼ਮਾ ਨਿਮੋਨੀਆ ਨਾਲ ਸਬੰਧਤ ਹੋ ਸਕਦਾ ਹੈ।

# 106 ਸਾਲ ਦੀ ਬੇਬੇ ਐਥਲੈਟਿਕਸ ਮੀਟ 'ਚ ਧੀ ਅਤੇ ਦੋਹਤੀ ਨਾਲ ਕਰੇਗੀ ਮੁਕਾਬਲਾ

ਗੀਜਾਇਨਾ: ਤੁਸੀਂ ਸੁਣਿਆ ਹੀ ਹੋਵੇਗਾ ਕਿ ਉਮਰ ਨਾਲ ਹਰ ਚੀਜ਼ ਬਦਲ ਜਾਂਦੀ ਹੈ, ਪਰ ਹਰਿਆਣਾ ਦੇ ਚਰਖੀ ਦਾਦਰੀ ਦੀ 106 ਸਾਲਾ ਰਾਮਬਾਈ ਲਈ ਉਮਰ ਮਹਿਜ਼ ਇੱਕ ਨੰਬਰ ਹੈ। ਅਗਲੇ ਮਹੀਨੇ ਰਾਮਬਾਈ 107 ਸਾਲ ਦੀ ਹੋ ਜਾਵੇਗੀ।

ਉਸ ਦੀ ਸਿਹਤ ਦਾ ਰਾਜ਼ ਖੇਤਾਂ ਦੀ ਮਿੱਟੀ 'ਚ ਰੋਜ਼ਾਨਾ ਕਈ ਘੰਟੇ ਕੰਮ ਕਰਨਾ ਹੈ। ਇਸ ਤੋਂ ਇਲਾਵਾ ਘਰ ਦਾ ਦੁੱਧ, ਦਹੀਂ ਅਤੇ ਘਿਓ ਦਾ ਸੇਵਨ ਕਰਨਾ ਹੈ। ਮਹਿਜ਼ ਤਿੰਨ ਸਾਲ ਦੇ ਕਰੀਅਰ 'ਚ 100 ਸੋਨ ਤਮਗੇ ਜਿੱਤਣ ਵਾਲੀ ਦਾਦੀ ਰਾਮਬਾਈ ਪੰਚਕੂਲਾ ਸੈਕਟਰ-3 ਤਾਊ ਦੇਵੀਲਾਲ ਸਪੋਰਟਸ ਕੌਂਮਪਲੈਕਸ 'ਚ ਆਪਣੀ ਧੀ ਅਤੇ ਦੋਹਤੀ ਨਾਲ 32ਵੀਂ ਹਰਿਆਣਆ ਸਟੇਟ ਮਾਸਟਰ ਐਥਲੈਟਿਕਸ ਮੀਟ ਦਾ ਹਿੱਸਾ ਬਣ ਰਹੀ ਹੈ।

ਜ਼ਿਕਰਯੋਗ ਹੈ ਕਿ ਦਾਦਰੀ ਜ਼ਿਲ੍ਹੇ ਦੇ ਪਿੰਡ ਕਾਦਮਾ ਦੀ 106 ਸਾਲ ਦੀ ਧਾਵਕ ਸੁਪਰ ਦਾਦੀ ਰਾਮਬਾਈ ਨੇ 04 ਸਾਲ ਦੀ ਉਮਰ 'ਚ ਨਵੰਬਰ 2021 'ਚ ਵਾਰਾਣਸੀ ਤੋਂ ਆਪਣੇ ਖੇਡ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ। ਸਾਲ 2022 'ਚ 100 ਮੀਟਰ ਦੌੜ 'ਚ ਮਾਨ ਕੌਰ ਦੇ ਰਿਕਾਰਡ ਨੂੰ ਤੋੜਦਿਆਂ ਨਵਾਂ ਰਿਕਾਰਡ ਬਣਾਇਆ ਸੀ।

ਰਾਮਬਾਈ ਦੀ ਦੋਹਤੀ ਨੇ ਦੱਸਿਆ ਕਿ ਉਨ੍ਹਾਂ ਦੀ ਨਾਨੀ ਸਵੇਰੇ 4 ਵਜੇ ਉਠ ਕੇ ਖੇਤਾਂ ਦੇ ਕੱਚੇ ਰਸਤਿਆਂ 'ਤੇ ਅਭਿਆਸ ਕਰਦੀ ਹੈ। ਇਸ ਉਮਰ 'ਚ ਰੋਜ਼ 5-6 ਕਿਲੋਮੀਟਰ ਤਕ ਦੌੜ ਲਾਉਂਦੀ ਹੈ। 90 ਦੀ ਉਮਰ ਤਕ ਪਹੁੰਚ ਕੇ ਜ਼ਿਆਦਾਤਰ ਲੋਕ ਬਿਸਤਰਾ ਫ਼ੜ ਲੈਂਦੇ ਹਨ।

ਇਸ ਦੇ ਉਲਟ ਰਾਮਬਾਈ 106 ਸਾਲ ਦੀ ਉਮਰ 'ਚ ਵੀ ਮਿਸਾਲ ਬਣੀ ਹੈ ਅਤੇ ਖੇਡਾਂ 'ਚ ਹਿੱਸਾ ਲੈ ਰਹੀ ਹੈ।




# ਭੀਖ ਮੰਗ ਕੇ ਅਮੀਰ ਬਣੀ ਲੜਕੀ ਨੇ ਖੜ੍ਹੀ ਕੀਤੀ ਖੁਦ ਦੀ ਐਂਪਾਇਰ

ਕਿਚਨਰ: ਭਿਖਾਰੀ ਬਾਰੇ ਆਮ ਤੌਰ 'ਤੇ ਸਾਰਿਆਂ ਦੀ ਇਹੀ ਧਾਰਨਾ ਹੁੰਦੀ ਹੈ ਕਿ ਇਹ ਭਿਖਾਰੀ ਹੈ ਅਤੇ ਗ਼ਰੀਬ ਹੀ ਹੋਵੇਗਾ, ਇਸੇ ਲਈ ਭੀਖ ਮੰਗ ਰਿਹਾ ਹੈ। ਸੜਕ 'ਤੇ ਜਾਂਦੇ ਸਮੇਂ ਜਦੋਂ ਲੋਕ ਭਿਖਾਰੀਆਂ ਨੂੰ ਦੇਖਦੇ ਹਨ ਤਾਂ ਉਨ੍ਹਾਂ ਨੂੰ ਗ਼ਰੀਬ ਅਤੇ ਬੇਸਹਾਰਾ ਸਮਝ ਕੇ ਕੁਝ ਪੈਸੇ ਦੇ ਦਿੰਦੇ ਹਨ ਕਿਉਂਕਿ ਕਿਸੇ ਦੀ ਮਦਦ ਕਰਨਾ ਨੇਕ ਕੰਮ ਹੈ, ਪਰ ਇਨ੍ਹਾਂ ਭਿਖਾਰੀਆਂ 'ਚੋਂ ਕੁਝ ਆਪਣੀ ਦੁਰਦਸ਼ਾ ਦਿਖਾ ਕੇ ਤੁਹਾਡੀਆਂ ਭਾਵਨਾਵਾਂ ਨਾਲ ਖੇਡਦੇ ਹਨ ਅਤੇ ਝੂਠੀਆਂ ਕਹਾਣੀਆਂ ਸੁਣਾ ਕੇ ਤੁਹਾਡੇ ਤੋਂ ਪੈਸੇ ਲੈ ਲੈਂਦੇ ਹਨ।

ਇਨ੍ਹੀਂ ਦਿਨੀਂ ਇੱਕ ਅਜਿਹਾ ਵੀਡੀਓ ਵਾਇਰਲ ਹੋ ਰਹੀ ਹੈ ਜਿਸ 'ਚ ਇੱਕ ਲੜਕੀ ਨੇ ਦੱਸਿਆ ਕਿ ਕਿਵੇਂ ਉਹ ਲੋਕਾਂ ਨੂੰ ਮੂਰਖ ਬਣਾ ਕੇ ਉਨ੍ਹਾਂ ਤੋਂ ਭੀਖ ਮੰਗਦੀ ਸੀ, ਅਤੇ ਅੱਜ ਇਸ ਭੀਖ ਦੀ ਕਮਾਈ ਦੇ ਦਮ 'ਤੇ ਮਲੇਸ਼ੀਆ 'ਚ ਉਸ ਦੇ ਕੋਲ ਦੋ ਫ਼ਲੈਟਸ, ਇੱਕ ਕਾਰ ਅਤੇ ਆਪਣਾ ਬਿਜ਼ਨਸ ਹੈ।ਵਾਇਰਲ ਹੋ ਰਹੀ ਵੀਡੀਓ 'ਚ ਤੁਸੀਂ ਦੇਖ ਸਕਦੇ ਹੋ ਕਿ ਪਾਕਿਸਤਾਨ ਦੀ ਇਹ ਲੜਕੀ, ਜੋ ਆਪਣਾ ਨਾਂ ਲਾਈਬਾ ਦੱਸ ਰਹੀ ਹੈ, 1 ਮਿੰਟ 25 ਸੈਕਿੰਡ ਦੇ ਇਸ ਵੀਡੀਓ 'ਚ ਕਹਿ ਰਹੀ ਹੈ ਕਿ ਉਸ ਨੇ ਪਿਛਲੇ ਪੰਜ ਸਾਲਾਂ 'ਚ ਭੀਖ ਮੰਗ ਕੇ ਕਾਫ਼ੀ ਪੈਸਾ ਕਮਾਇਆ ਹੈ। ਲੜਕੀ ਨੇ ਖ਼ੁਦ ਮੰਨਿਆ ਕਿ ਅੱਜ ਉਹ ਭੀਖ ਮੰਗ ਕੇ ਇੰਨੀ ਉਸ ਅਮੀਰ ਹੋ ਗਈ ਹੈ। ਇਸ 'ਤੇ ਜਦੋਂ ਨੂੰ ਪੁੱਛਿਆ ਕਿ ਉਹ ਇੰਨਾ ਸੱਚ ਕਿਉਂ ਬੋਲ ਰਹੀ ਹੈ ਤਾਂ ਉਸ ਨੇ ਕਿਹਾ ਕਿ ਸੱਚ ਨੂੰ ਛੁਪਾਇਆ ਨਹੀਂ ਜਾ ਸਕਦਾ। ਜਦੋਂ ਉਸ ਨੂੰ ਪੁੱਛਿਆ ਗਿਆ ਕਿ ਲੋਕ ਉਸ ਨੂੰ ਭੀਖ ਕਿਵੇਂ ਦਿੰਦੇ ਸਨ ਤਾਂ ਉਸ ਨੇ ਕਿਹਾ ਕਿ ਉਹ ਝੂਠੀਆਂ ਕਹਾਣੀਆਂ ਸੁਣਾ ਕੇ ਪੈਸੇ ਮੰਗਦੀ ਸੀ, ਅਤੇ ਫ਼ਿਰ ਲੋਕ ਵੀ ਦੇ ਦਿੰਦੇ ਸਨ। ਇਸ ਵੀਡੀਓ ਨੂੰ ਸੋਸ਼ਲ ਮੀਡੀਆ ਪਲੈਟਫ਼ੌਰਮ X 'ਤੇ @shahfaesal ਨਾਂ ਦੇ ਐਕਾਊਂਟ ਦੁਆਰਾ ਸ਼ੇਅਰ ਕੀਤਾ ਗਿਆ ਹੈ ਜਿਸ ਦੇ ਨਾਲ ਉਨ੍ਹਾਂ ਕੈਪਸ਼ਨ 'ਚ ਲਿਖਿਆ, "ਗੁਆਂਢੀ ਦੇਸ਼ ਦੇ ਉਦਮੀ।" ਇਸ ਵੀਡੀਓ ਨੂੰ ਹੁਣ ਤਕ ਤਿੰਨ ਲੱਖ ਦੇ ਕਰੀਬ ਲੋਕ ਦੇਖ ਚੁੱਕੇ ਹਨ ਅਤੇ ਕੌਮੈਂਟ ਕਰ ਕੇ ਆਪਣੀ ਪ੍ਰਤੀਕਿਰਿਆ ਦੇ ਰਹੇ ਹਨ।

# ਸ਼ਹਿਰ ਛੱਡ ਕੇ ਜੰਗਲ 'ਚ ਸ਼ਿਫ਼ਟ ਹੋਇਆ ਜੋੜਾ



ਸਰੀ: ਆਪਣੇ ਦੇਸ਼ 'ਚ ਤੁਹਾਨੂੰ ਜਿੱਥੇ ਕੱਚੇ ਘਰ ਤੇ ਪਿੰਡ-ਜੰਗਲ 'ਚ ਰਹਿੰਦੇ ਹੋਏ ਉਹੀ ਲੋਕ ਮਿਲਣਗੇ ਜਿਨ੍ਹਾਂ ਕੋਲ ਇੰਨੇ ਪੈਸੇ ਨਹੀਂ ਹਨ ਕਿ ਉਹ ਪੱਕਾ ਘਰ ਬਣਾ ਸਕਣ। ਦੂਜੇ ਪਾਸੇ ਵਿਦੇਸ਼ਾਂ 'ਚ ਹੁਣ ਹਾਲਾਤ ਵੱਖ ਹਨ। ਇੱਥੇ ਲੋਕ ਆਪਣੀ ਮਰਜ਼ੀ ਨਾਲ ਸਭ ਕੁਝ ਵੇਚ ਕੇ ਔਫ਼ ਗ੍ਰਿਡ ਜ਼ਿੰਦਗੀ ਜਿਊਣਾ ਚਾਹੁੰਦੇ ਹਨ। ਇੱਕ ਅਜਿਹਾ ਹੀ ਕਪਲ ਹੈ ਜੋ ਅਮਰੀਕਾ ਦੇ ਵਿਕਸਿਤ ਸ਼ਹਿਰਾਂ ਤੋਂ ਨਿਕਲ ਕੇ ਹੁਣ ਜੰਗਲਾਂ 'ਚ ਆਪਣੀ ਲਾਈਫ਼ ਜੀਅ ਰਿਹਾ ਹੈ।

ਆਮ ਤੌਰ 'ਤੇ ਲੋਕ ਆਲੀਸ਼ਾਨ ਘਰ ਬਣਾਉਣ ਲੀ ਪੂਰੀ-ਪੂਰੀ ਜ਼ਿੰਦਗੀ ਮਿਹਨਤ ਕਰਦੇ ਰਹਿੰਦੇ ਹਨ ਅਤੇ ਕਿੱਥੇ ਇੱਕ ਸ਼ਹਿਰੀ ਕਪਲ ਆਪਣਾ ਸਾਰਾ ਕੁਝ ਵੇਚ ਕੇ ਜੰਗਲ 'ਚ ਰਹਿਣ ਲੱਗਾ! 61 ਸਾਲ ਦੇ ਜੌਨ ਕੇਰਨੋਹਨ ਤੇ 44 ਸਾਲ ਦੀ ਉਨ੍ਹਾਂ ਦੀ ਪਤਨੀ ਫ਼ਿਨ ਜੰਗਲ 'ਚ ਇੱਕ ਸ਼ੈੱਡ ਬਣਾ ਕੇ ਰਹਿੰਦੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਇਹ ਉਨ੍ਹਾਂ ਦੀ ਜ਼ਿੰਦਗੀ ਦੇ ਬਿਹਤਰੀਨ ਫ਼ੈਸਲਾ ਸੀ। ਉਹ ਪਿਛਲੇ 12 ਸਾਲ ਤੋਂ ਜੰਗਲ 'ਚ ਹੀ ਰਹਿ ਰਹੇ ਹਨ, ਅਤੇ ਆਪਣੀ ਲਾਈਫ਼ ਨੂੰ ਬਹੁਤਐਂਜੁਆਏ ਕਰ ਰਹੇ ਹਨ।

ਜੌਨ ਕੇਰਨੋਹਨ ਅਤੇ ਉਸ ਦੀ ਪਤਨੀ ਫ਼ਿਨ 2010 'ਚ ਔਨ-ਲਾਈਨ ਮਿਲੇ ਅਤੇ ਪਿਆਰ 'ਚ ਪੈ ਗਏ। ਜੌਨ ਇੱਥੇ ਅਮਰੀਕਾ 'ਚ ਮਾਇਆਮੀ ਦੇ ਰਹਿਣ ਵਾਲਾ ਹੈ, ਅਤੇ ਦੂਜੇ ਪਾਸੇ ਫ਼ਿਨ ਥਾਈਲੈਂਡ ਦੀ ਹੈ, ਪਰ ਉਹ ਲੰਡਨ 'ਚ ਰਹਿੰਦੀ ਸੀ। ਇਸ ਕਪਲ ਨੇ ਦੋ ਸਾਲ ਦੀ ਡੇਟਿੰਗ ਤੋਂ ਬਾਅਦ ਸਾਲ 2021 'ਚ ਵਿਆਹ ਕਰ ਲਿਆ।

ਉਹ ਡੇਟਿੰਗ ਦੌਰਾਨ ਹੀ ਕੁਝ ਦਿਨਾਂ ਤਕ ਇੱਕ ਨੈਰੋਬੋਟ 'ਚ ਰਹੇ ਸਨ ਅਤੇ ਫਿਨ ਨੂੰ ਇਹ ਜ਼ਿੰਦਗੀ ਇੰਨੀ ਚੰਗੀ ਲੱਗੀ ਕਿ ਉਨ੍ਹਾਂ ਨੇ ਡਨ ਨੂੰ ਆਪਣੀ ਮਾਇਆਮੀ ਵਾਲੀ ਪ੍ਰੌਪਰਟੀ ਵੇਚ ਕੇ ਔਫ਼ਗ੍ਰਿਡ ਕੈਬਿਨ 'ਚ ਰਹਿਣ ਦੀ ਸਲਾਹ ਦਿੱਤੀ। ਉਨ੍ਹਾਂ ਨੇ ਤਿੰਨ ਬੈੱਡਰੂਮਾਂ ਦਾ ਇੱਕ ਵੱਡਾ ਘਰ ਛੱਡ ਕੇ 304 ਵਰਗ ਫ਼ੁੱਟ ਦੇ ਇੱਕ ਸ਼ੈੱਡ 'ਚ ਆਪਣੀ ਦੁਨੀਆਂ ਵਸਾ ਲਈ। ਇਸ ਨੂੰ ਉਨ੍ਹਾਂ ਨੇ ਲਗਭਗ ਸਾਢੇ ਪੰਜ ਲੱਖ ਰੁਪਏ 'ਚ ਖ਼ਰੀਦਿਆ ਸੀ ਜਿਸ 'ਚ ਹੋਰ ਪੰਜ ਲਖ ਰੁਪਏ ਲਗਾ ਕੇ ਫ਼ਰਨੀਚਰ, ਇਲੈਕਟ੍ਰੌਨਿਕਸ ਅਤੇ ਦੂਜੇ ਫ਼ੀਚਰਜ਼ ਜੋੜ ਲਏ।

ਉਹ ਇਸ ਅਨੋਖੇ ਔਫ਼ ਗ੍ਰਿਡ ਕੈਬਿਨ 'ਚ ਪਿਛਲੇ 12 ਸਾਲਾਂ ਤੋਂ ਰਹਿ ਰਹੇ ਹਨ। ਉਨ੍ਹਾਂ ਨੇ ਆਸ-ਪਾਸ ਦੀ ਜ਼ਮੀਨ ਵੀ ਖ਼ਰੀਦ ਲਈ ਹੈ ਅਤੇ ਉਥੇ ਕਈ ਕੈਬਿਨ ਬਣਾ ਰਹੇ ਹਨ।

ਉਨ੍ਹਾਂ ਦੇ ਗ੍ਰੀਨਹਾਊਸ ਕਿਚਨ ਅਤੇ ਬਾਥਰੂਮ ਦੀ ਗੱਲ ਹੀ ਨਿਰਾਲੀ ਹੈ। ਉਥੇ ਉਹ ਥਰਮਲ ਅਤੇ ਸੋਲਰ ਐਨਰਜੀ ਨਾਲ ਆਪਣਾ ਕੰਮ ਕਰਦੇ ਹਨ ਅਤੇ ਇਥੇ ਰਹਿਣਾ ਉਨ੍ਹਾਂ ਨੂੰ ਕਾਫ਼ੀ ਪਸੰਦ ਹੈ। ਘਰ ਦੇ ਆਸ-ਪਾਸ ਦੂਜੇ ਛੋਟੇ ਕੈਬਿਨ ਬਣਾਉਣ ਦੇ ਬਾਅਦ ਉਨ੍ਹਾਂ ਨੇ ਇਸ ਨੂੰ ਕਿਰਾਏ 'ਤੇ ਵੀ ਦੇਣਾ ਸ਼ੁਰੂ ਕਰ ਦਿੱਤਾ ਹੈ ਜੋ ਉਨ੍ਹਾਂ ਦੀ ਕਮਾਈ ਦਾ ਅਹਿਮ ਜ਼ਰੀਆ ਵੀ ਹੈ।

# ਭਾਰਤੀ ਡਾਕਟਰ ਨੇ ਅਮਰੀਕਾ 'ਚ ਹਿੰਦੂ ਸੰਗਠਨਾਂ ਨੂੰ 40 ਲੱਖ ਡਾਲਰ ਦੇਣ ਦਾ ਕੀਤਾ ਵਾਅਦਾ



ਮਿਸੀਸਾਗਾ: ਭਾਰਤੀ ਮੂਲ ਦੇ ਇੱਕ ਅਮਰੀਕੀ ਡਾਕਟਰ ਨੇ ਅਮਰੀਕਾ 'ਚ ਹਿੰਦੂ ਧਰਮ ਬਾਰੇ ਜਾਗਰੂਕਤਾ ਫ਼ੈਲਾਉਣ ਅਤੇ ਇਸ ਦੇ ਪ੍ਰਚਾਰ ਲਈ 40 ਲੱਖ ਡਾਲਰ ਦਾਨ ਕਰਨ ਦਾ ਵਾਅਦਾ ਕੀਤਾ ਹੈ। ਉਨ੍ਹਾਂ ਕਿਹਾ ਕਿ ਹਿੰਦੂ ਸਿਰਫ਼ ਧਰਮ ਹੀ ਨਹੀਂ ਸਗੋਂ ਜੀਵਨ ਜਾਂਚ ਹੈ। ਐਮਰਜੈਂਸੀ ਦੇਖਭਾਲ ਕਰਨ ਵਾਲੇ ਡਾਕਟਰ ਮਿਹਰ ਮੇਘਾਨੀ ਨੇ 20 ਸਾਲ ਪਹਿਲਾਂ ਆਪਣੇ ਦੋਸਤਾਂ ਨਾਲ ਹਿੰਦੂ ਅਮਰੀਕਨ ਫ਼ਾਊਂਡੇਸ਼ਨ ਦੀ ਸਥਾਪਨਾ ਕੀਤੀ ਸੀ।

ਉਸ ਨੇ ਇਸ ਮਹੀਨੇ ਦੀ ਸ਼ੁਰੂਆਤ 'ਚ ਸਾਲਾਨਾ ਸਿਲੀਕੌਨ ਵੈਲੀ ਸਮਾਗਮ 'ਚ ਅਗਲੇ ਅੱਠ ਸਾਲਾਂ 'ਚ ਹਿੰਦੂ ਧਰਮ ਕਾਰਜਾਂ ਲਈ 15 ਲੱਖ ਡਾਲਰ ਦੇਣ ਦਾ ਵਾਅਦਾ ਕੀਤਾ ਸੀ। ਇਸ ਦੇ ਨਾਲ ਹੀ ਉਹ ਹਿੰਦੂ ਕਲਿਆਣ ਦੇ ਉਦੇਸ਼ ਲਈ 20 ਸਾਲਾਂ 'ਚ 40 ਲੱਖ ਡਾਲਰ ਦੇਵੇਗਾ। ਡਾ. ਮੇਘਾਨੀ ਨੇ ਦੱਸਿਆ ਕਿ ਉਹ ਅਤੇ ਉਸ ਦੀ ਪਤਨੀ ਤਨਵੀ ਨੇ ਹੁਣ ਤਕ ਹਿੰਦੂ ਅਮੈਰੀਕਨ ਫ਼ਾਊਂਡੇਸ਼ਨ ਨੂੰ 15 ਲੱਖ ਡਾਲਰ ਦਾ ਯੋਗਦਾਨ ਦਿੱਤਾ ਹੈ। ਉਨ੍ਹਾਂ ਪਿਛਲੇ 15 ਸਾਲਾਂ 'ਚ ਇਨ੍ਹਾਂ ਕਾਰਜਾਂ ਲਈ ਹੋਰ ਹਿੰਦੂ ਅਤੇ ਭਾਰਤੀ ਸੰਗਠਨਾਂ ਨੂੰ ਇੱਕ ਮਿਲੀਅਨ ਡਾਲਰ ਤੋਂ ਵੱਧ ਦਾ ਯੋਗਦਾਨ ਪਾਇਆ ਹੈ। ਅਗਲੇ ਅੱਠ ਸਾਲਾਂ 'ਚ ਉਹ ਭਾਰਤ-ਪੱਖੀ ਅਤੇ ਹਿੰਦੂ ਸੰਗਠਨਾਂ ਨੂੰ 15 ਲੱਖ ਡਾਲਰ ਦੇਣ ਦਾ ਵਾਅਦਾ ਕਰ ਰਹੇ ਹਨ।ਉਨ੍ਹਾਂ ਅੱਗੇ ਕਿਹਾ, "ਮੇਰੀ ਕੋਈ ਸਟਾਰਟਅੱਪ ਕੰਪਨੀ ਨਹੀਂ, ਮੇਰਾ ਕੋਈ ਸਾਈਡ ਬਿਜ਼ਨਸ ਨਹੀਂ, ਮੈਂ ਤਨਖ਼ਾਹ 'ਤੇ ਕੰਮ ਕਰਦਾ ਇੱਕ ਐਮਰਜੈਂਸੀ ਡਾਕਟਰ ਹਾਂ। ਮੇਰੀ ਪਤਨੀ ਇੱਕ ਫ਼ਿਟਨੈੱਸ ਇੰਸਟ੍ਰਕਟਰ ਅਤੇ ਜਿਊਲਰੀ ਡਿਜ਼ਾਈਨਰ ਹੈ, ਅਤੇ ਅਸੀਂ ਹਰ ਸਾਲ ਲੱਖਾਂ ਡਾਲਰ ਨਹੀਂ ਕਮਾ ਰਹੇ ਹਾਂ। ਅਸੀਂ ਸ਼ੇਅਰ ਬਾਜ਼ਾਰ 'ਚ ਵੀ ਨਿਵੇਸ਼ ਨਹੀਂ ਕਰ ਰਹੇ। ਅਸੀਂ ਅਜਿਹਾ ਇਸ ਲਈ ਕਰ ਰਹੇ ਹਾਂ ਕਿਉਂਕਿ ਇਹ ਸਾਡਾ ਧਰਮ ਹੈ, ਇਹ ਸਾਡਾ ਫ਼ਰਜ਼ ਹੈ।" ਇੱਕ ਸਵਾਲ ਦਾ ਜਵਾਬ ਦਿੰਦਿਆਂ ਡਾ. ਮੇਘਾਨੀ ਨੇ ਕਿਹਾ ਕਿ ਜ਼ਿਆਦਾਤਰ ਅਮਰੀਕੀ ਲੋਕ ਹਿੰਦੂ ਧਰਮ ਨੂੰ ਆਸਾਨੀ ਨਾਲ ਨਹੀਂ ਸਮਝਦੇ ਕਿਉਂਕਿ ਇੱਥੇ ਜ਼ਿਆਦਾਤਰ ਲੋਕ ਈਸਾਈ ਹਨ। ਉਹ (ਅਮਰੀਕੀ) ਐਬ੍ਰਾਹਮਿਕ ਪਿਛੋਕੜ ਤੋਂ ਆਉਂਦੇ ਹਨ। ਜਦੋਂ ਉਹ ਵੱਖ-ਵੱਖ ਧਰਮਾਂ ਨੂੰ ਦੇਖਦੇ ਹਨ, ਤਾਂ ਉਹ ਇਹ ਸਮਝਣ 'ਚ ਅਸਫ਼ਲ ਰਹਿੰਦੇ ਹਨ ਕਿ ਹਿੰਦੂ ਧਰਮ ਸਿਰਫ਼ ਇੱਕ ਧਰਮ ਨਹੀਂ, ਇਹ ਇੱਕ ਜੀਵਨ ਢੰਗ ਹੈ। ਇਹ ਜੀਵਨ ਬਾਰੇ ਸੋਚਣ ਦਾ ਇੱਕ ਤਰੀਕਾ ਹੈ।"

# ਇਮਰਾਨ ਦੇ ਗ਼ੈਰ-ਇਸਲਾਮੀ ਵਿਆਹ ਖ਼ਿਲਾਫ਼ ਪਟੀਸ਼ਨ ਖ਼ਾਰਿਜ



ਇਸਲਾਮਾਬਾਦ: ਜੇਲ੍ਹ 'ਚ ਬੰਦ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਕੁਝ ਰਾਹਤ ਦਿੰਦਿਆਂ ਇੱਥੋਂ ਦੀ ਇੱਕ ਅਦਾਲਤ ਨੇ ਬੁਸ਼ਰਾ ਬੀਬੀ ਨਾਲ ਉਨ੍ਹਾਂ ਦੇ ਗ਼ੈਰ-ਇਸਲਾਮੀ ਵਿਆਹ ਨੂੰ ਰੱਦ ਕਰਨ ਦੀ ਮੰਗ ਵਾਲੀ ਪਟੀਸ਼ਨ ਨੂੰ ਰੱਦ ਕਰ ਦਿੱਤਾ। ਬੁਸ਼ਰਾ ਉਨ੍ਹਾਂ ਦੀ ਤੀਜੀ ਪਤਨੀ ਹੈ।

ਪਟੀਸ਼ਨਕਰਤਾ ਮੁਹੰਮਦ ਹਨੀਫ਼ ਨੇ ਸਾਬਕਾ ਪ੍ਰਧਾਨ ਮੰਤਰੀ ਖ਼ਿਲਾਫ਼ ਆਪਣਾ ਕੇਸ ਵਾਪਿਸ ਲੈ ਲਿਆ ਜਿਸ ਤੋਂ ਬਾਅਦ ਸਥਾਨਕ ਅਦਾਲਤ ਨੇ ਉਨ੍ਹਾਂ ਦੀ ਪਟੀਸ਼ਨ ਨੂੰ ਰੱਦ ਕਰ ਦਿੱਤਾ।


ਹਨੀਫ਼ ਨੇ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਦੇ ਮੁੱਖੀ ਇਮਰਾਨ ਖਾਨ (71) ਨੂੰ ਬੁਸ਼ਰਾ (49) ਨਾਲ ਉਸ ਦੀ ਇੱਦਤ ਦੇ ਸਮੇਂ ਦੌਰਾਨ ਵਿਆਹ ਕਰਵਾਉਣ ਲਈ ਕਾਨੂੰਨੀ ਕਾਰਵਾਈ ਦੀ ਮੰਗ ਕਰਦੇ ਹੋਏ ਅਦਾਲਤ ਤਕ ਪਹੁੰਚ ਕੀਤੀ ਸੀ। ਇਦਤ (3 ਮਹੀਨੇ ਦੀ ਮਿਆਦ) ਇੱਕ ਮੁਸਲਮਾਨ ਔਰਤ ਲਈ ਹੁੰਦੀ ਹੈ। ਇਸ ਮਿਆਦ ਨੂੰ ਉਸ ਦੇ ਪਤੀ ਦੀ ਮੌਤ ਜਾਂ ਤਲਾਕ ਤੋਂ ਬਾਅਦ ਧਿਆਨ 'ਚ ਰੱਖਣਾ ਪੈਂਦਾ ਹੈ।

ਹਨੀਫ਼ ਨੇ ਦਾਅਵਾ ਕੀਤਾ ਸੀ ਕਿ ਬੁਸ਼ਰਾ ਬੀਬੀ ਨੂੰ ਉਸ ਦੇ ਸਾਬਕਾ ਪਤੀ ਨੇ ਨਵੰਬਰ 2017 'ਚ ਤਲਾਕ ਦੇ ਦਿੱਤਾ ਸੀ ਅਤੇ ਬੁਸ਼ਰਾ ਨੇ 1 ਜਨਵਰੀ 2018 ਨੂੰ ਇਮਰਾਨ ਨਾਲ ਵਿਆਹ ਕੀਤਾ ਸੀ ਜਦ ਕਿ ਉਸ ਦੀ ਇੱਦਤ ਦੀ ਮਿਆਦ ਓਦੋਂ ਤਕ ਖ਼ਤਮ ਨਹੀਂ ਸੀ ਹੋਈ, ਅਤੇ ਅਜਿਹਾ ਕਰਨਾ ਸ਼ਰੀਆ ਅਤੇ ਮੁਸਲਿਮ ਧਰਮ ਦੇ ਨਿਯਮਾਂ ਵਿਰੁੱਧ ਹੈ। ਇਮਰਾਨ 26 ਸਤੰਬਰ ਤੋਂ ਰਾਵਲਪਿੰਡੀ ਦੀ ਅਦਿਆਲਾ ਜੇਲ੍ਹ 'ਚ ਬੰਦ ਹਨ।



# ਪਾਕਿ 'ਚ ਜੈਸ਼-ਏ-ਮੁਹੰਮਦ ਦਾ ਅਤਿਵਾਦੀ ਕਤਲ

ਇਸਲਾਮਾਬਾਦ: ਅਤਿਵਾਦੀਆਂ ਦੇ ਕਤਲਾਂ ਦਾ ਸਿਲਸਿਲਾ ਪਿਛਲੇ ਕੁਝ ਸਮੇਂ ਤੋਂ ਜਾਰੀ ਹੈ। ਹੁਣ ਪਾਕਿਸਤਾਨ 'ਚ ਜੈਸ਼-ਏ-ਮੁਹੰਮਦ ਦੇ ਅਤਿਵਾਦੀ ਯੂਨਸ ਖ਼ਾਨ ਦਾ ਗੋਲੀ ਮਾਰ ਕਤਲ ਕਰ ਦਿੱਤਾ ਗਿਆ ਹੈ। ਅਣਪਛਾਤੇ ਹਮਲਾਵਰਾਂ ਨੇ ਉਸ ਨੂੰ ਗੋਲੀ ਮਾਰ ਦਿੱਤੀ। ਅਤਿਵਾਦੀ ਯੂਨਸ ਖ਼ਾਨ ਜੈਸ਼-ਏ-ਮੁਹੰਮਦ ਲਈ ਭਰਤੀਆਂ ਕਰਨ ਦਾ ਕੰਮ ਕਰਦਾ ਸੀ।



ਇਸ ਤੋਂ ਪਹਿਲਾਂ ਅਤਿਵਾਦੀ ਮੌਲਾਨਾ ਰਹੀਮਉੱਲਾ ਤਾਰਿਕ ਦੀ ਹੱਤਿਆ ਕਰ ਦਿੱਤੀ ਗਈ ਸੀ। ਉਸ ਦਾ ਵੀ ਅਣਪਛਾਤੇ ਲੋਕਾਂ ਨੇ ਕਤਲ ਕਰ ਦਿੱਤਾ ਸੀ। ਉਹ ਵੀ ਜੈਸ਼-ਏ-ਮੁਹੰਮਦ ਦਾ ਅਤਿਵਾਦੀ ਸੀ, ਅਤੇ ਮੌਲਾਨਾ ਮਸੂਦ ਅਜ਼ਹਰ ਦਾ ਕਰੀਬੀ ਸੀ। ਉਹ ਭਾਰਤ ਦੇ ਮੋਸਟ ਵਾਂਟੇਡ ਅਤਿਵਾਦੀਆਂ ਦੀ ਸੂਚੀ 'ਚ ਸ਼ਾਮਿਲ ਸੀ।ਭਾਰਤ ਦੇ ਦੁਸ਼ਮਣ ਲਸ਼ਕਰ-ਏ-ਤੋਇਬਾ ਦੇ ਸਾਬਕਾ ਕਮਾਂਡਰ ਅਕਰਮ ਖ਼ਾਨ ਨੂੰ ਵੀ ਪਹਿਲਾਂ ਬਾਜੌਰ 'ਚ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਹੈ। ਉਸ ਨੂੰ ਅਕਰਮ ਗ਼ਾਜ਼ੀ ਵੀ ਕਿਹਾ ਜਾਂਦਾ ਸੀ। ਅਕਰਮ ਨੇ 2018 ਤੋਂ 2020 ਤਕ ਲਸ਼ਕਰ 'ਚ ਭਰਤੀ ਦਾ ਕੰਮ ਕੀਤਾ ਸੀ।

ਜ਼ਿਕਰਯੋਗ ਹੈ ਕਿ ਅਤਿਵਾਦੀਆਂ ਦੇ ਕਤਲਾਂ ਦਾ ਸਿਲਸਿਲਾ ਪਿਛਲੇ ਕੁਝ ਸਮੇਂ ਤੋਂ ਜਾਰੀ ਹੈ। ਇਸ ਤੋਂ ਪਹਿਲਾਂ ਵੀ ਮੁਫ਼ਤੀ ਕੈਸਰ ਫ਼ਾਰੂਕ, ਖ਼ਾਲਿਸਤਾਨੀ ਖਾੜਕੂ ਪਰਮਜੀਤ ਸਿੰਘ ਪੰਜਵੜ, ਏਜਾਜ਼ ਅਹਿਮਦ ਅਹੰਗਰ, ਬਸ਼ੀਰ ਅਹਿਮਦ ਪੀਰ, ਸ਼ਾਹਿਦ ਲਤੀਫ਼ ਅਤੇ ਸਈਦ ਖ਼ਾਲਿਦ ਰਜ਼ਾ ਵਰਗੇ ਅਤਿਵਾਦੀਆਂ ਨੂੰ ਅਣਪਛਾਤੇ ਹਮਲਾਵਰਾਂ ਨੇ ਮਾਰ ਦਿੱਤਾ ਸੀ।

# ਅਧਿਆਪਕ ਦਾ ਸਿਰ ਕਲਮ ਕਰਨ ਵਾਲੇ ਛੇ ਨਾਬਾਲਗਾਂ 'ਤੇ ਚੱਲੇਗਾ ਮੁਕੱਦਮਾ

ਪੈਰਿਸ: ਫ਼ਰਾਂਸ 'ਚ ਤਿਮਨ ਸਾਲ ਪਹਿਲਾਂ ਇੱਕ ਅਧਿਆਪਕ ਦਾ ਸਿਰ ਵੱਢ ਕੇ ਕਤਲ ਕਰ ਦਿੱਤਾ ਗਿਆ ਸੀ। ਹੁਣ ਇਸ ਮਾਮਲੇ 'ਚ ਛੇ ਦੋਸ਼ੀਆਂ 'ਤੇ ਅਦਾਲਤ 'ਚ ਸੁਣਵਾਈ ਹੋਵੇਗੀ। ਨਿਊਜ਼ ਏਜੰਸੀ ਰੌਇਟਰਜ਼ ਮੁਤਾਬਿਕ ਇਹ ਕੇਸ ਬੰਦ ਅਦਾਲਤ 'ਚ ਚਲਾਇਆ ਜਾਵੇਗਾ।

ਨਿਊਜ਼ ਏਜੰਸੀ ਰਾਇਟਰਜ਼ ਮੁਤਾਬਿਕ ਸਾਰੇ ਛੇ ਮੁਲਜ਼ਮਾਂ 'ਤੇ ਫ਼ਰਾਂਸੀਸੀ ਇਤਿਹਾਸ ਦੇ ਅਧਿਆਪਕ ਸੈਮੂਅਲ ਪੈਟੀ ਦਾ ਸਿਰ ਕਲਮ ਕਰਨ ਦੇ ਦੋਸ਼ ਹਨ। ਅਧਿਆਪਕ ਨੇ ਆਪਣੀ ਕਲਾਸ ਦੌਰਾਨ ਵਿਦਿਆਰਥੀਆਂ ਨੂੰ ਪੈਗੰਬਰ ਮੁਹੰਮਦ ਦੇ ਕਾਰਟੂਨ ਦਿਖਾਏ ਸਨ। ਇਸ ਨੂੰ ਲੈ ਕੇ ਮੁਸਲਿਮ ਮਾਪਿਆਂ ਨੇ ਆਪਣੀ ਨਾਰਾਜ਼ਗੀ ਜ਼ਾਹਿਰ ਕੀਤੀ ਸੀ।

ਹਾਲਾਂਕਿ ਨਾਬਾਲਗਾਂ 'ਚੋਂ ਇੱਕ 15 ਸਾਲ ਦੀ ਲੜਕੀ ਨੇ ਆਪਣੇ ਪਰਿਵਾਰ ਨੂੰ ਘਟਨਾ ਦੀ ਜਾਣਕਾਰੀ ਦਿੱਤੀ ਸੀ। ਉਸ ਨੇ ਅਧਿਆਪਕ 'ਤੇ ਦੋਸ਼ ਲਗਾਉਂਦੇ ਹੋਏ ਕਿਹਾ ਕਿ ਅਧਿਆਪਕ ਨੇ ਕਲਾਸ 'ਚ ਪੈਗੰਬਰ ਮੁਹੰਮਦ ਦਾ ਕਾਰਟੂਨ ਦਿਖਾਇਆ। ਮੁਸਲਮਾਨਾਂ ਦਾ ਮੰਨਣਾ ਹੈ ਕਿ ਪੈਗੰਬਰ ਸਾਹਿਬ ਦੀ ਕੋਈ ਵੀ ਤਸਵੀਰ ਬਣਾਉਣਾ ਈਸ਼ਨਿੰਦਾ ਹੈ। ਇਸ ਦੇ ਨਾਲ ਹੀ ਇਸ ਮਾਮਲੇ ਨੇ ਜ਼ੋਰ ਫ਼ੜਿਆ ਤਾਂ ਸਕੂਲ ਦੇ ਬਾਹਰ ਫ਼ਰਾਂਸ ਦੇ ਇੱਕ ਅਧਿਆਪਕ ਦਾ ਗਲਾ ਵੱਢ ਕੇ ਕਤਲ ਕਰ ਦਿੱਤਾ ਗਿਆ ਹਾਲਾਂਕਿ ਇਸ ਦੌਰਾਨ ਪੁਲੀਸ ਨੇ ਤੁਰੰਤ ਹਮਲਾਵਰ ਨੂੰ ਗੋਲੀ ਮਾਰ ਦਿੱਤੀ। ਨਿਊਜ਼ ਏਜੰਸੀ ਰੌਇਟਰਜ਼ ਮੁਤਾਬਿਕ ਹਮਲੇ ਦੇ ਸਮੇਂ ਘਟਨਾ ਸਥਾਨ 'ਤੇ ਮੌਜੂਦ ਦੋਸ਼ੀ ਦੀ ਉਮਰ 14 ਤੋਂ 15 ਸਾਲ ਦੇ ਵਿਚਕਾਰ ਸੀ। ਉਨ੍ਹਾਂ 'ਤੇ ਯੋਜਨਾਬੱਧ ਅਪਰਾਧਕ ਸਾਜ਼ਿਸ਼ ਜਾਂ ਹਮਲੇ ਦੇ ਦੋਸ਼ਾਂ ਤਹਿਤ ਮੁਕੱਦਮਾ ਚਲਾਇਆ ਜਾਵੇਗਾ। ਫ਼ਿਲਹਾਲ ਸਾਰੇ ਛੇ ਨਾਬਾਲਗਾਂ 'ਤੇ ਬਾਲ ਅਦਾਲਤ 'ਚ ਮੁਕੱਦਮਾ ਚਲਾਇਆ ਜਾਵੇਗਾ। ਇਸ ਮਾਮਲੇ 'ਚ ਸਾਰੇ ਨਾਬਾਲਗਾਂ ਨੂੰ ਢਾਈ ਸਾਲ ਦੀ ਜੇਲ੍ਹ ਹੋ ਸਕਦੀ ਹੈ। ਇਸ ਮਾਮਲੇ ਦੀ ਸੁਣਵਾਈ 8 ਦਸੰਬਰ ਤਕ ਜਾਰੀ ਰਹੇਗੀ। ਦੱਸ ਦੇਈਏ ਕਿ ਇਸ ਕਤਲ ਕੇਸ 'ਚ ਅੱਠ ਹੋਰ ਲੋਕ ਵੀ ਮੁਲਜ਼ਮ ਹਨ ਅਤੇ ਉਨ੍ਹਾਂ ਨੂੰ ਵਿਸ਼ੇਸ਼ ਅਪਰਾਧਿਕ ਅਦਾਲਤ 'ਚ ਪੇਸ਼ ਕੀਤਾ ਜਾਵੇਗਾ।

# ਜਨਤਾ ਦੇ ਆਸ਼ੀਰਵਾਦ ਨਾਲ ਆਪ ਬਣੀ ਰਾਸ਼ਟਰੀ ਪਾਰਟੀ - ਕੇਜਰੀਵਾਲ

ਨਵੀਂ ਦਿੱਲੀ: ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਨੂੰ ਜਨਤਾ ਨੇ ਆਪਣੇ ਪਿਆਰ ਅਤੇ ਆਸ਼ੀਰਵਾਦ ਨਾਲ ਰਾਸ਼ਟਰੀ ਪਾਰਟੀ 'ਚ ਬਦਲ ਦਿੱਤਾ ਹੈ। ਕੇਜਰੀਵਾਲ ਨੇ X 'ਤੇ ਕਿਹਾ, "ਅੱਜ ਹੀ ਦੇ ਦਿਨ ਸਾਲ 2012 'ਚਦੇਸ਼ ਦੇ ਆਮ ਆਦਮੀ ਨੇ ਚੁੱਕ ਕੇ ਆਪਣੀ ਖ਼ੁਦ ਦੀ ਪਾਰਟੀ ਆਮ ਆਦਮੀ ਪਾਰਟੀ ਦੀ ਸਥਾਪਨਾ ਕੀਤੀ ਸੀ। ਓਦੋਂ ਲੈ ਕੇ ਅੱਜ ਤਕ ਇਨ੍ਹਾਂ 11 ਸਾਲਾਂ 'ਚ ਬਹੁਤ ਉਤਾਰ-ਚੜ੍ਹਾਅ ਆਏ, ਬਹੁਤ ਮੁਸ਼ਕਿਲਾਂ ਵੀ ਆਈਆਂ ਪਰ ਅਸੀਂ ਸਭ ਦੇ ਜਜ਼ਬੇ ਅਤੇ ਜੁਨੂੰਨ 'ਚ ਕੋਈ ਘਾਟ ਨਹੀਂ ਆਈ।"



ਉਨ੍ਹਾਂ ਕਿਹਾ, "ਇੱਕ ਛੋਟੀ ਜਿਹੀ ਪਾਰਟੀ ਨੂੰ ਅੱਜ ਜਨਤਾ ਨੇ ਆਪਣੇ ਪਿਆਰ ਅਤੇ ਆਸ਼ੀਰਵਾਦ ਤੋਂ ਇੱਕ ਰਾਸ਼ਟਰੀ ਪਾਰਟੀ 'ਚ ਬਦਲ ਦਿੱਤਾ ਹੈ, ਜਨਤਾ ਦਾ ਆਸ਼ੀਰਵਾਦ ਸਾਡੇ ਨਾਲ ਹਨ, ਅਸੀਂ ਸਭ ਆਪਣੇ ਮਜ਼ਬੂਤ ਇਰਾਦਿਆਂ ਨਾਲ ਅੱਗੇ ਵੱਧਦੇ ਰਹਿਣਗੇ ਅਤੇ ਜਨਤਾ ਲਈ ਕੰਮ ਕਰਦੇ ਰਹਾਂਗੇ। ਉਨ੍ਹਾਂ ਨੇ ਆਖ਼ਿਰ 'ਚ ਸਾਰੇ ਵਰਕਰਾਂ ਨੂੰ ਪਾਰਟੀ ਦੇ ਸਥਾਪਨਾ ਦਿਵਸ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ।

ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਦੀ ਸਥਾਪਨਾ 26 ਨਵੰਬਰ 2012 ਨੂੰ ਹੋਈ ਸੀ।

# ਤਿੰਨ ਮੁਖ਼ਬਰ ਫ਼ਿਲਿਸਤੀਨੀਆਂ ਨੂੰ ਹਮਾਸ ਹਿਮਾਇਤੀਆਂ ਨੇ ਦਿੱਤੀ ਫ਼ਾਂਸੀ

ਕੈਲੇਡਨ: ਇਜ਼ਰਾਇਲੀ ਫ਼ੌਜੀਆਂ ਨਾਲ ਸਹਿਯੋਗ ਕਰਨ ਦੇ ਦੋਸ਼ 'ਚ ਵੈਸਟ ਬੈਂਕ 'ਚ ਫ਼ਿਲਿਸਤੀਨੀ ਸਮੂਹਾਂ ਨੇ ਤਿੰਨ ਲੋਕਾਂ ਦੀ ਹੱਤਿਆ ਕਰ ਦਿੱਤੀ।



ਮੀਡੀਆ ਰਿਪੋਰਟਾਂ ਮੁਤਾਬਿਕ ਜਦੋਂ ਦੋਸ਼ਾਂ ਦਾ ਸਾਹਮਣਾ ਕਰਨ ਵਾਲੇ ਲੋਕਾਂ ਨੂੰ ਫ਼ਾਂਸੀ ਦਿੱਤੀ ਜਾ ਰਹੀ ਸੀ, ਉਸ ਸਮੇਂ ਲੋਕ ਰੌਲਾ ਪਾ ਰਹੇ ਸਨ ਕਿ ਤੁਸੀਂ ਗ਼ਦਾਰ ਹੋ, ਤੁਸੀਂ ਜਾਸੂਸ ਹੋ ਅਤੇ ਤੁਹਾਡਾ ਸਿਰ ਕਲਮ ਕੀਤਾ ਜਾਣਾ ਚਾਹੀਦਾ ਹੈ।

ਸੋਸ਼ਲ ਮੀਡੀਆ 'ਤੇ ਵਾਇਰਲ ਫ਼ੋਟੋਆਂ ਅਤੇ ਵੀਡੀਓ 'ਚ ਲੋਕਾਂ ਦੀ ਭੀੜ ਨੂੰ ਤੁਲਕਰਮ 'ਚ ਨਾਅਰੇਬਾਜ਼ੀ ਕਰਦੇ ਵੇਖਿਆ ਜਾ ਸਕਦਾ ਹੈ ਜਿੱਥੇ ਦੋ ਲੋਕਾਂ ਨੂੰ ਇੱਕ ਖੰਬੇ 'ਤੇ ਲਟਕਾ ਦਿੱਤਾ ਗਿਆ ਸੀ ਜਦ ਕਿ ਤੀਜੇ ਵਿਅਕਤੀ ਦੀ ਹੱਤਿਆ ਜੇਨਿਨ 'ਚ ਹੋਈ। ਇਹ ਘਟਨਾ ਉਸ ਸਮੇਂ ਹੋਈ ਹੈ ਜਦੋਂ ਹਮਾਸ ਨੇ ਜੰਗਬੰਦੀ ਲਈ ਹੋਏ ਇੱਕ ਸਮਝੌਤੇ ਤਹਿਤ ਬੰਧਕਾਂ ਨੂੰ ਰਿਹਾਅ ਕੀਤਾ। ਤੁਲਕਰਮ 'ਚ ਮਾਰੇ ਗਏ ਲੋਕਾਂ ਦੀ ਪਛਾਣ 31 ਸਾਲਾ ਹਮਜ਼ਾ ਮੁਬਾਰਕ ਅਤੇ 29 ਸਾਲਾ ਆਜ਼ਮ ਜੁਬਰਾ ਵਜੋਂ ਹੋਈ ਹੈ। ਇਨ੍ਹਾਂ ਲੋਕਾਂ ਨੇ ਇੱਕ ਵੀਡੀਓ 'ਚ ਕਬੂਲ ਕੀਤਾ ਸੀ ਕਿ ਉਨ੍ਹਾਂ ਨੂੰ IDF ਦੀ ਮਦਦ ਲਈ ਪੈਸਾ ਮਿਲਿਆ ਸੀ।

# ਭਾਰਤ 26/11 ਅਤਿਵਾਦੀ ਹਮਲੇ ਨੂੰ ਕਦੇ ਨਹੀਂ ਭੁੱਲ ਸਕਦਾ - ਮੋਦੀ

ਨਵੀਂ ਦਿੱਲੀ: ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਐਤਵਾਰ ਨੂੰ 2008 ਦੇ ਮੁੰਬਈ ਅਤਿਵਾਦੀ ਹਮਲੇ ਦੇ ਪੀੜਤਾਂ ਅਤੇ ਨਾਇਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਕਿਹਾ ਕਿ ਇਹ ਉਨ੍ਹਾਂ ਕਾਇਰਾਨਾ ਹਮਲਿਆਂ 'ਚੋਂ ਇੱਕ ਸੀ ਜਿਸ ਨੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਅਤੇ ਇਸ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ। ਉਨ੍ਹਾਂ ਕਿਹਾ ਕਿ ਇਹ ਭਾਰਤ ਦਾ ਸਾਹਸ ਅਤੇ ਤਾਕਤ ਹੈ ਕਿ ਅਸੀਂ ਹੁਣ ਅਤਿਵਾਦੀ ਗਤੀਵਿਧੀਆਂ ਦਾ ਮੂੰਹ ਤੋੜ ਜਵਾਬ ਦੇ ਰਹੇ ਹਾਂ। ਪ੍ਰਧਾਨ ਮੰਤਰੀ ਨੇ ਆਪਣੇ ਮਹੀਨਾਵਾਰ ਪ੍ਰਸਾਰਨ ਪ੍ਰੋਗਰਾਮ ਮਨ ਕੀ ਬਾਤ ਦੇ 107ਵੇਂ ਐਪੀਸੋਡ ਨੂੰ ਸੰਬੋਧਨ ਕਰਦੇ ਹੋਏ ਕਿਹਾ, "ਅਸੀਂ ਇਸ ਦਿਨ ਨੂੰ ਕਦੇ ਨਹੀਂ ਭੁੱਲ ਸਕਦੇ, ਜਦੋਂ ਭਾਰਤ ਨੂੰ ਸਭ ਤੋਂ ਭਿਆਨਕ ਅਤਿਵਾਦੀ ਹਮਲੇ ਦਾ ਸਾਹਮਣਾ ਕਰਨਾ ਪਿਆ ਸੀ।" ਉਨ੍ਹਾਂ ਨੇ ਯਾਦ ਦਿਵਾਇਆ ਕਿ ਅੱਜ ਹੀ ਦੇ ਦਿਨ ਦੇਸ਼ 'ਤੇ ਸਭ ਤੋਂ ਕਾਇਰਾਨਾ ਅਤਿਵਾਦੀ ਹਮਲਾ ਹੋਇਆ ਸੀ। ਪ੍ਰਧਾਨ ਮੰਤਰੀ ਨੇ ਕਿਹਾ, "ਇਹ ਭਾਰਤ ਦਾ ਸਾਹਸ ਅਤੇ ਤਾਕਤ ਹੈ, ਜਿਸ ਨੇ ਇਸ 'ਤੇ ਕਾਬੂ ਪਾ ਲਿਆ ਅਤੇ ਹੁਣ ਕਰਾਰਾ ਜਵਾਬ ਦੇ ਰਿਹਾ ਹੈ।" ਮੋਦੀ ਨੇ ਕਿਹਾ, "ਮੈਂ ਉਨ੍ਹਾਂ ਲੋਕਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ, ਜਿਨ੍ਹਾਂ ਨੇ ਆਪਣੀ ਜਾਨ ਗੁਆਈ ਅਤੇ ਉਨ੍ਹਾਂ ਬਹਾਦਰਾਂ ਨੂੰ ਵੀ ਸ਼ਰਧਾਂਜਲੀ ਭੇਂਟ ਕਰਦਾ ਹਾਂ ਜਿਨ੍ਹਾਂ ਨੇ ਦੇਸ਼ ਦੀ ਰੱਖਿਆ ਲਈ ਆਪਣੀ ਜਾਨ ਦੇ ਦਿੱਤੀ।"




2008 ਦੇ ਮੁੰਬਈ ਅਤਿਵਾਦੀ ਹਮਲਿਆਂ 'ਚ ਛੇ ਅਮਰੀਕੀਆਂ ਸਮੇਤ ਕੁੱਲ 166 ਲੋਕ ਮਾਰੇ ਗਏ ਸਨ। ਇਹ ਹਮਲਾ 10 ਚੰਗੀ ਤਰ੍ਹਾਂ ਸਿਖਲਾਈ ਪ੍ਰਾਪਤ ਪਾਕਿਸਤਾਨੀ ਅਤਿਵਾਦੀਆਂ ਵਲੋਂ ਕੀਤਾ ਗਿਆ ਸੀ, ਜਿਨ੍ਹਾਂ ਨੇ ਛੱਤਰਪਤੀ ਸ਼ਿਵਾਜੀ ਮਹਾਰਾਜ ਟਰਮਿਨਸ, ਹੋਟਲ ਤਾਜ, ਟ੍ਰਾਈਡੇਂਟ ਹੋਟਲ, ਨਾਰੀਮਨ ਹਾਊਸ ਸਮੇਤ ਮੁੰਬਈ ਦੇ ਕਈ ਮਸ਼ਹੂਰ ਅਤੇ ਮਹੱਤਵਪੂਰਨ ਥਾਵਾਂ 'ਤੇ 60 ਘੰਟਿਆਂ ਤੋਂ ਵੱਧ ਸਮੇਂ ਤਕ ਘੇਰਾਬੰਦੀ ਕੀਤੀ, ਹਮਲਾ ਕੀਤਾ ਅਤੇ ਲੋਕਾਂ ਦਾ ਕਤਲ ਕੀਤਾ।"


KING GARAGE

• M.O.T • Repairs • Service • 24Hrs.Recovery

• ਅਸੀਂ ਹਰ ਕਿਸਮ ਦੀ ਕਾਰ ਅਤੇ ਵੈਨ ਦੀ ਰੀਪੇਅਰ ਅਤੇ ਸਰਵਿਸ ਕਰਨ ਵਿੱਚ ਮਾਹਰ ਹਾਂ।
• ਐਮ ਓ ਟੀ ਵੀ ਕਰਦੇ ਹਾਂ।
• 24 ਘੰਟੇ ਵਹੀਕਲ ਰੀਕਵਰੀ ਸੇਵਾ।
• ਮਸ਼ੀਨੀ ਯੰਤਰ ਨਾਲ ਕਾਰ ਜਾਂ ਵੈਨ ਦਾ ਨੁਕਸ ਫੱਟ ਲੱਭ ਲੈਂਦੇ ਹਾਂ।
• ਸਾਡਾ ਕੰਮ ਪੂਰਾ ਤਸੱਲੀਬਖਸ਼ ਅਤੇ ਕੀਮਤਾਂ ਵੀ ਵਾਜਬ।



Experienced Mechanics Required

Unit B, King Street, Walsall, WS1 4AF

Tel: 01922 620 720 Mob: 07539 836 162

# ਡੌਂਕੀ ਲਗਾ ਕੇ ਅਮਰੀਕਾ ਜਾਣ ਦਾ ਗੁਜਰਾਤੀਆਂ ’ਤੇ ਹੈ ਭੂਤ ਸਵਾਰ

ਜਲੰਧਰ: ਗੁਜਰਾਤੀਆਂ ’ਤੇ ਬਿਨਾਂ ਦਸਤਾਵੇਜ਼ਾਂ ਦੇ ਅਮਰੀਕਾ ਪਹੁੰਚਣ ਦਾ ਭੂਤ ਇਸ ਕਦਰ ਸਵਾਰ ਹੈ ਕਿ ਇਸ ਖੇਡ ’ਚ ਉਹ ਕਈ ਵਾਰ ਆਪਣੀ ਜਾਨ ਤਕ ਦਾਅ ’ਤੇ ਲਗਾ ਦਿੰਦੇ ਹਨ। ਗੁਜਰਾਤ ’ਚ ਪਹਿਲਾਂ ਤਾਂ ਫ਼ਰਜ਼ੀ ਏਜੰਟਾਂ ਨੂੰ ਪੈਸਾ ਦੇ ਕੇ ਲੋਕ ਅਮਰੀਕਾ ਜਾਣ ਨੂੰ ਤਿਆਰ ਹੋ ਜਾਂਦੇ ਹਨ, ਪਰ ਬਾਅਦ ’ਚ ਜਦੋਂ ਉਨ੍ਹਾਂ ਦੇ ਪਰਿਵਾਰ ਵਾਲਿਆਂ ਨਾਲ ਉਨ੍ਹਾਂ ਦਾ ਸੰਪਰਕ ਟੁੱਟ ਜਾਂਦਾ ਹੈ ਤਾਂ ਇਹੀ ਪਰਿਵਾਰ ਸ਼ਿਕਾਇਤ ਲੈ ਕੇ ਪੁਲੀਸ ਦੇ ਕੋਲ ਪਹੁੰਚਦੇ ਹਨ। ਹੁਣ ਅਜਿਹਾ ਹੀ ਇੱਕ ਹੋਰ ਮਾਮਲਾ ਗੁਜਰਾਤ ਪੁਲੀਸ ਦੇ ਕੋਲ ਪਹੁੰਚਿਆ ਹੈ। ਇੱਕ ਮੀਡੀਆ ਰਿਪੋਰਟ ਦੇ ਮੁਤਾਬਿਕ ਲਗਭਗ ਛੇ ਮਹੀਨੇ ਪਹਿਲਾਂ ਕੈਰੇਬੀਆਈ ਦੇਸ਼ ਦੇ ਰਸਤੇ ਸੰਯੁਕਤ ਰਾਜ ਅਮਰੀਕਾ ਦੀ ਯਾਤਰਾ ’ਤੇ ਨਿਕਲੇ ਭਰਤ ਰਬਾਰੀ ਨਾਂ ਦੇ ਸ਼ਖ਼ਸ ਦੀ ਪਤਨੀ ਚੇਤਨਾ ਨੇ ਪੁਲੀਸ ਨੂੰ ਦਿੱਤੀ ਸ਼ਿਕਾਇਤ ’ਚ ਦਾਅਵਾ ਕਰਦੇ ਹੋਏ ਕਿਹਾ ਹੈ ਕਿ ਉਸ ਦੇ ਪਤੀ ਸਮੇਤ ਨੌਂ ਲੋਕ ਜਨਵਰੀ ਦੇ ਪਹਿਲੇ ਹਫ਼ਤੇ ’ਚ ਅਮਰੀਕਾ ਲਈ ਰਵਾਨਾ ਹੋਏ ਸਨ। ਉਨ੍ਹਾਂ ’ਚੋਂ ਚਾਰ ਮਹਿਸਾਣਾ ਜ਼ਿਲ੍ਹੇ ਤੋਂ, ਤਿਮਂ ਗਾਂਧੀਨਗਰ ਤੋਂ ਅਤੇ ਇੱਕ-ਇੱਕ ਸਾਬਰਕਾਂਠਾ ਅਤੇ ਖੇੜਾ ਜ਼ਿਲ੍ਹੇ ਤੋਂ ਹਨ। ਉਸ ਨੇ ਕਿਹਾ ਕਿ 4 ਫ਼ਰਵਰੀ ਤੋਂ ਬਾਅਦ ਤੋਂ ਇਸ ਪੂਰੇ ਗਰੁੱਪ ਨਾਲ ਸੰਪਰਕ ਨਹੀਂ ਹੋ ਸਕਿਆ। ਚੇਤਨਾ ਨੇ ਦੋ ਏਜੰਟਾਂ ਮਹੇਂਦਰ ਪਟੇਲ ਅਤੇ ਉਨ੍ਹਾਂ ਦੇ ਸਹਿਯੋਗੀ ਜਾਨੀ ਪਟੇਲ ਉਰਫ਼ ਦਿਵਯੇਸ਼ ’ਤੇ ਦੋਸ਼ ਲਗਾਇਆ ਕਿ ਉਹ ਵੱਖ-ਵੱਖ ਨਾਜਾਇਜ਼ ਰਸਤਿਆਂ ਰਾਹੀਂ ਲੋਕਾਂ ਨੂੰ ਅਮਰੀਕਾ ਭੇਜਦੇ ਹਨ। ਮਹਿਲਾ ਦਾ ਦਾਅਵਾ ਹੈ ਕਿ ਉਸ ਦਾ ਪਤੀ ਉਨ੍ਹਾਂ ਦੇ ਬਹਿਕਾਵੇ ’ਚ ਆ ਕੇ ਹੀ

# ਭਾਰਤੀ ਦੀ ਆਸਟ੍ਰੇਲੀਆ ਦੀ ਸੈਨੇਟ ਸੀਟ ਲਈ ਹੋਈ ਚੋਣ

ਸਾਊਥ ਵੇਲਜ਼: ਸਾਬਕਾ ਸੰਸਦ ਮੈਂਬਰ ਡੇਵ ਸ਼ਰਮਾ ਨਿਊ ਸਾਊਥ ਵੇਲਜ਼ (NSW) ਦੀ ਸੈਨੇਟ ’ਚ ਜਿੱਤ ਪ੍ਰਾਪਤ ਕਰਨ ਵਾਲੀ ਵਿਰੋਧੀ ਲਿਬਰਲ ਪਾਰਟੀ ਤੋਂ ਭਾਰਤੀ ਮੂਲ ਦੇ ਪਹਿਲੇ ਵਿਅਕਤੀ ਬਣ ਕੇ ਆਸਟ੍ਰੇਲੀਆਈ ਸੰਸਦ ’ਚ ਵਾਪਸੀ ਕਰ ਰਹੇ ਹਨ। ਵਿਦੇਸ਼ ਮੰਤਰੀ ਮਾਰਿਸ ਪੇਨੇ ਦੁਆਰਾ ਖ਼ਾਲੀ ਕੀਤੀ ਸੀਟ ਲਈ ਲਿਬਰਲ ਪਾਰਟੀ ਦੇ ਮੈਂਬਰਾਂ ਦੀ ਵੋਟ ’ਚ ਡੇਵ ਨੇ ਸਾਬਕਾ ਰਾਜ ਖ਼ਜ਼ਾਨਾ ਮੰਤਰੀ ਐਂਡਰਿਊ ਕੌਂਸਟੈਂਸ ਨੂੰ 251-206 ਨਾਲ ਹਰਾਇਆ।



ਲਿਬਰਲ ਪਾਰਟੀ ਦੇ ਨੇਤਾ ਪੀਟਰ ਡਟਨ ਨੇ ਮੱਧ ਪੂਰਬ ਦੀ ਸਥਿਤੀ ਦਾ ਹਵਾਲਾ ਦਿੰਦੇ ਹੋਏ ਇੱਕ ਬਿਆਨ ’ਚ ਕਿਹਾ, “ਲਿਬਰਲ ਪਾਰਟੀ ਦੇ ਹਿੱਸੇ ਵਜੋਂ ਡੇਵ ਦੀ ਸੈਨੇਟ ’ਚ ਐਂਟਰੀ ਵਿਦੇਸ਼ਾਂ ਅਤੇ ਘਰੇਲੂ ਸਮਾਗਮਾਂ ਦੇ ਮੱਦੇਨਜ਼ਰ ਇੱਕ ਮਹੱਤਵਪੂਰਣ ਸਮੇਂ ’ਚ ਹੋਈ ਹੈ।” ਡਟਨ ਨੇ ਸ਼ਰਮਾ ਨੂੰ ਸੀਟ ਹਾਸਿਲ ਕਰਨ ’ਤੇ ਵਧਾਈ ਦਿੰਦੇ ਹੋਏ ਕਿਹਾ, ‘ਉਸ ਦੀ ਕੂਟਨੀਤਕ ਅਤੇ ਵਿਦੇਸ਼ ਨੀਤੀ ਦੀ ਮੁਹਾਰਤ ਅਤੇ ਤਜਰਬਾ ਪੂਰਬੀ ਯੌਰਪ, ਮੱਧ ਪੂਰਬ ਅਤੇ ਇੰਡੋ-ਪੈਸੀਫ਼ਿਕ ਦੇ ਨਾਜ਼ੁਕ ਹਾਲਾਤ ਦੇ ਮੱਦੇਨਜ਼ਰ ਜਨਤਕ ਨੀਤੀ ਦੀ ਬਹਿਸ ਨੂੰ ਕਾਫ਼ੀ ਵਜ਼ਨ ਅਤੇ ਗਿਆਨ ਪ੍ਰਦਾਨ ਕਰੇਗਾ।”

ਡਟਨ ਨੇ ਕੌਂਸਟੈਂਸ ਅਤੇ ਸਾਬਕਾ ਮੰਤਰੀ ਜ਼ੈਡ ਸੇਸੇਲਜਾ ਦੋਵਾਂ ਨੂੰ ਸਖ਼ਤ ਮੁਕਾਬਲੇ ਵਾਲੀ ਦੌੜ ’ਚ ਸਮਰਥਨ ਦਿੱਤਾ ਸੀ ਜਿੱਥੇ 10 ਉਮੀਦਵਾਰ ਮੈਦਾਨ ’ਚ ਸਨ ਪਰ ਡੇਵ ਇੱਕ ਸਹਿਮਤੀ ਵਾਲੇ ਉਮੀਦਵਾਰ ਵਜੋਂ ਉਭਰੇ ਸਨ। ਡੇਵ ਨੇ ਕਿਹਾ, “ਮੈਂ ਅਲਬਨੀਜ਼ੀ ਸਰਕਾਰ ਨੂੰ ਆਪਣੀਆਂ ਬਹੁਤ ਸਾਰੀਆਂ ਗ਼ਲਤੀਆਂ ਅਤੇ ਗ਼ਲਤ ਫ਼ੈਸਲਿਆਂ ਲਈ ਸੈਨੇਟ ’ਚ ਜਵਾਬਦੇਹ ਬਣਾਉਣ ਅਤੇ ਲੇਬਰ ਦੀ ਲਾਗਤ ਨਾਲ ਨਜਿੱਠਣ ਲਈ ਸੰਘਰਸ਼ ਕਰ ਰਹੇ NSW ਦੇ ਬਹੁਤ ਸਾਰੇ ਪਰਿਵਾਰਾਂ ਲਈ ਲੜਨ ਦੇ ਮੌਕੇ ਲਈ ਪਾਰਟੀ ਮੈਂਬਰਾਂ ਦਾ ਧੰਨਵਾਦ ਕਰਨਾ ਚਾਹਾਂਗਾ।”

ਜ਼ਿਕਰਯੋਗ ਹੈ ਕਿ 2019 ਤੋਂ 2022 ਤਕ ਵੈਂਟਵਰਥ ਦੀ ਸੀਟ ਲਈ ਸੰਸਦ ਦੇ ਇਕ ਸੰਘੀ ਮੈਂਬਰ ਡੇਵ ਨੇ 2013 ਤੋਂ 2017 ਤਕ ਇਜ਼ਰਾਇਲ ’ਚ ਆਸਟ੍ਰੇਲੀਆ ਦੇ ਰਾਜਦੂਤ ਵਜੋਂ ਵੀ ਕੰਮ ਕੀਤਾ। ਉਸ ਨੇ ਕੈਂਬ੍ਰਿਜ ਯੂਨੀਵਰਸਿਟੀ ’ਚ ਪੜ੍ਹਾਈ ਕੀਤੀ ਜਿੱਥੇ ਉਸ ਨੇ ਕਾਨੂੰਨ ’ਚ ਪਹਿਲੇ ਦਰਜੇ ਦੇ ਔਨਰਜ਼ ਨਾਲ ਗ੍ਰੈਜੂਏਸ਼ਨ ਕੀਤੀ। ਉਸ ਨੇ ਕੇਮਬ੍ਰਿਜ ਤੋਂ ਮਾਸਟਰਜ਼ ਔਫ਼ ਆਰਟਸ ਅਤੇ ਡੀਕਿਨ ਯੂਨੀਵਰਸਿਟੀ ਤੋਂ ਮਾਸਟਰਜ਼ ਔਫ਼ ਆਰਟਸ (ਅੰਤਰਰਾਸ਼ਟਰੀ ਸਬੰਧ) ਵੀ ਕੀਤਾ ਹੈ। ਪਾਰਲੀਮੈਂਟ ’ਚ ਦਾਖਲ ਹੋਣ ਤੋਂ ਪਹਿਲਾਂ ਇੱਕ ਕਰੀਅਰ ਡਿਪਲੋਮੈਟ ਵਜੋਂ ਡੇਵ ਨੂੰ ਵਾਸ਼ਿੰਗਟਨ DC ਅਤੇ ਪੋਰਟ ਮੋਰੇਸਬੀ ’ਚ ਵੀ ਤਾਇਨਾਤ ਕੀਤਾ ਗਿਆ ਸੀ। ਉਸ ਨੇ ਬੋਗਨਵਿਲੇ ’ਚ ਪੀਸ ਨਿਗਰਾਨੀ ਸਮੂਹ ਦੇ ਨਾਲ ਇੱਕ ਸ਼ਾਂਤੀ ਰੱਖਿਅਕ ਵਜੋਂ ਸੇਵਾ ਕੀਤੀ ਅਤੇ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਦੇ ਵਿਭਾਗ ’ਚ ਅੰਤਰਰਾਸ਼ਟਰੀ ਵਿਭਾਗ ਦੀ ਅਗਵਾਈ ਕੀਤੀ।ਡਟਨ ਨੇ ਕਿਹਾ, “ਡੇਵ ਸੈਨੇਟ ’ਚ ਤਰਕ ਦੀ ਆਵਾਜ਼ ਬਣੇਗਾ।” ਡਟਨ ਨੇ ਅੱਗੇ ਕਿਹਾ ਕਿ ਡੇਵ ਰੋਜ਼ਾਨਾ ਆਸਟ੍ਰੇਲੀਆਈ ਕਾਮਿਆਂ, ਪਰਿਵਾਰਾਂ ਅਤੇ ਛੋਟੇ ਕਾਰੋਬਾਰਾਂ ਲਈ ਲੜਨਾ ਜਾਰੀ ਰੱਖੇਗਾ ਜਿਨ੍ਹਾਂ ਨੂੰ ਸੱਤਾਧਾਰੀ ਲੇਬਰ ਸਰਕਾਰ ਦੁਆਰਾ ਭੁੱਲਿਆ ਅਤੇ ਪਿੱਛੇ ਛੱਡਿਆ ਜਾ ਰਿਹਾ ਹੈ।






# 13 ਸਾਲਾ ਭਾਰਤੀ ਲੜਕੇ ਨੇ ਯੌਰਪ 'ਚ ਜਿੱਤਿਆ ਸੋਨ ਤ.ਗਮਾ

ਸਰੀ: ਦੱਖਣੀ-ਪੂਰਬੀ ਇੰਗਲੈਂਡ 'ਚ ਰਹਿਣ ਵਾਲੇ ਭਾਰਤੀ ਮੂਲ ਦੇ 13 ਸਾਲਾ ਈਸ਼ਵਰ ਸ਼ਰਮਾ ਨੇ ਸਵੀਡਨ 'ਚ ਹੋਈ ਯੌਰਪੀਅਨ ਯੋਗਾ ਸਪੋਰਟਸ ਚੈਂਪੀਅਨਸ਼ਿਪ 'ਚ ਸੋਨ ਤਗਮਾ ਜਿੱਤ ਕੇ ਇੱਕ ਹੋਰ ਖ਼ਿਤਾਬ ਆਪਣੇ ਨਾਂ ਕੀਤਾ ਹੈ। ਯੋਗਾ ਪ੍ਰਤਿਭਾ ਦੇ ਮਾਲਕ ਈਸ਼ਵਰ ਪਹਿਲਾਂ ਵੀ ਕਈ ਪੁਰਸਕਾਰ ਜਿੱਤ ਚੁੱਕੇ ਹਨ। ਕੈਂਟ ਦੇ ਸੇਵੇਨੋਆਕਸ 'ਚ ਰਹਿਣ ਵਾਲੇ ਈਸ਼ਵਰ ਨੇ ਤਿੰਨ ਸਾਲ ਦੀ ਉਮਰ 'ਚ ਯੋਗਾ ਕਰਨਾ ਸ਼ੁਰੂ ਕਰ ਦਿੱਤਾ ਸੀ।



ਈਸ਼ਵਰ ਨੇ ਆਪਣੇ ਪਿਤਾ ਨੂੰ ਰੋਜ਼ਾਨਾ ਯੋਗਾ ਕਰਦੇ ਦੇਖਿਆ ਜਿਸ ਤੋਂ ਬਾਅਦ ਉਨ੍ਹਾਂ ਨੇ ਇਸ ਦਾ ਅਭਿਆਸ ਕਰਨਾ ਸ਼ੁਰੂ ਕਰ ਦਿੱਤਾ ਅਤੇ ਹੁਣ ਤਕ ਉਹ ਕਈ ਪੁਰਸਕਾਰ ਜਿੱਤ ਚੁੱਕੇ ਹਨ। ਪਿਛਲੇ ਹਫ਼ਤੇ ਈਸ਼ਵਰ ਨੇ 12-14 ਸਾਲ ਵਰਗ 'ਚ ਯੌਰਪ ਕੱਪ 2023 ਜਿੱਤਿਆ ਸੀ। ਯੌਰਪ ਕੱਪ ਦਾ ਆਯੋਜਨ ਅੰਤਰਰਾਸ਼ਟਰੀ ਯੋਗਾ ਸਪੋਰਟਸ ਫ਼ੈਡਰੇਸ਼ਨ ਦੁਆਰਾ ਮਾਲਮੋ 'ਚ ਸਵੀਡਿਸ਼ ਯੋਗਾ ਸਪੋਰਟਸ ਫ਼ੈਡਰੇਸ਼ਨ ਦੇ ਸਹਿਯੋਗ ਨਾਲ ਕੀਤਾ ਗਿਆ ਸੀ।

ਈਸ਼ਵਰ ਦੇ ਪਰਿਵਾਰ ਨੇ ਇੱਕ ਬਿਆਨ 'ਚ ਕਿਹਾ, "ਈਸ਼ਵਰ ਯੋਗ ਦੇ ਸੰਦੇਸ਼ ਖ਼ਾਸ ਤੌਰ 'ਤੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ 'ਚ ਫ਼ੈਲਾਉਣ ਲਈ ਬਹੁਤ ਜਨੂੰਨੀ ਹੈ।" ਈਸ਼ਵਰ ਔਟਿਜ਼ਮ ਅਤੇ ਧਿਆਨ ਦੀ ਕਮੀ ਹਾਈਪਰਐਕਟੀਵਿਟੀ ਡਿਸਔਰਡਰ ਤੋਂ ਪੀੜਤ ਹੈ। ਈਸ਼ਵਰ ਨੇ ਕੋਰੋਨਾਵਾਇਰਸ ਮਹਾਂਮਾਰੀ ਦੌਰਾਨ ਲੌਕਡਾਊਨ ਦੌਰਾਨ 14 ਦੇਸ਼ਾਂ ਦੇ 40 ਬੱਚਿਆਂ ਨੂੰ ਰੋਜ਼ਾਨਾ ਯੋਗਾ ਦੀਆਂ ਕਲਾਸਾਂ ਦਿੱਤੀਆਂ ਜਿਸ ਕਾਰਨ ਉਸ ਸਮੇਂ ਦੇ ਬ੍ਰਿਟਿਸ਼ ਪ੍ਰਧਾਨ ਮੰਤਰੀ ਬੌਰਿਸ ਜੌਨਸਨ ਨੇ ਉਨ੍ਹਾਂ ਨੂੰ ਪੁਆਇੰਟਸ ਔਫ਼ ਲਾਈਟ ਐਵਾਰਡ ਨਾਲ ਸਨਮਾਨਿਤ ਕੀਤਾ।

ਜੌਹਨਸਨ ਨੇ ਜੂਨ 2021 'ਚ ਸ਼ਰਮਾ ਨੂੰ ਲਿਖੀ ਚਿੱਠੀ 'ਚ ਕਿਹਾ ਸੀ, "ਤੁਸੀਂ ਤਾਲਾਬੰਦੀ ਦੌਰਾਨ ਵਿਸ਼ਵ ਪੱਧਰ 'ਤੇ ਸੈਂਕੜੇ ਬੱਚਿਆਂ ਨੂੰ ਯੋਗਾ ਸਿਖਾਇਆ ਸੀ। ਮੈਂ ਵਿਸ਼ੇਸ਼ ਤੌਰ 'ਤੇ ਇਹ ਸੁਣ ਕੇ ਪ੍ਰੇਰਿਤ ਹੋਇਆ ਕਿ ਤੁਸੀਂ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਯੋਗਾ ਦਾ ਆਨੰਦ ਮਾਣਨ ਅਤੇ ਉਸ 'ਚ ਉੱਤਮਤਾ ਪ੍ਰਾਪਤ ਕਰਨ 'ਚ ਕਿਵੇਂ ਮਦਦ ਕੀਤੀ ਹੈ।"

## ਬੁਕਿੰਗ 'ਤੇ ਮਿਲਦੈ ਮੂਸਾਪੁਰ ਦੇ ਤਿੰਨ ਭਰਾਵਾਂ ਦਾ ਗੁੜ

ਚੰਡੀਗੜ੍ਹ: ਪੰਜਾਬ 'ਚ ਖੇਤੀ ਤੋਂ ਦੂਰ ਜਾ ਰਹੇ ਕਿਸਾਨਾਂ ਲਈ ਪਿੰਡ ਮੂਸਾਪੁਰ ਦੇ ਤਿੰਨ ਸਕੇ ਭਰਾ ਅੱਜ ਦੇ ਆਧੁਨਿਕ ਦੌਰ 'ਚ ਮਿਸਾਲ ਹਨ ਜੋ ਸ਼ੁੱਧ ਗੁੜ ਦਾ ਉਤਪਾਦਨ ਕਰ ਰਹੇ ਹਨ। ਪਿੰਡ ਮੂਸਾਪੁਰ ਵਾਸੀ ਹਰਬੰਸ ਸਿੰਘ, ਫ਼ੁੰਮਣ ਸਿੰਘ ਤੇ ਬਿੱਕਰ ਸਿੰਘ ਆਪਣੇ ਪੁਰਖਿਆਂ ਤੋਂ ਮਿਲੀ ਗੁੜ੍ਹਤੀ ਤਹਿਤ ਸਾਲ 1965 ਤੋਂ ਪੁਰਾਣੇ ਵੇਲਣਿਆਂ ਨਾਲ ਗੰਨੇ ਦਾ ਰਸ ਕੱਢ ਕੇ ਸ਼ੁੱਧ ਗੁੜ ਤਿਆਰ ਕਰਦੇ ਹਨ ਅਤੇ ਲੋਕਾਂ ਨੂੰ ਤਾਜ਼ਾ ਗੁੜ ਤਿਆਰ ਕਰ ਕੇ ਵੇਚਦੇ ਹਨ। ਕਿਸਾਨ ਹਰਬੰਸ ਸਿੰਘ, ਫ਼ੁੰਮਣ ਸਿੰਘ ਤੇ ਬਿੱਕਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਬਜ਼ੁਰਗ ਪੁਰਾਣੇ ਸਮੇਂ 'ਚ ਵੇਲਣੇ ਨਾਲ ਰਸ ਕੱਢ ਕੇ ਗੁੜ ਤਿਆਰ ਕਰਦੇ ਸਨ ਅਤੇ ਉਹ ਵੀ ਅੱਜ ਆਪਣੇ ਬਜ਼ੁਰਗਾਂ ਦੇ ਕਿੱਤੇ ਨੂੰ ਅੱਗੇ ਤੋਰ ਰਹੇ ਹਨ। ਉਨ੍ਹਾਂ ਦੱਸਿਆ ਕਿ ਗੁੜ ਨੂੰ ਬਿਨਾਂ ਕੈਮੀਕਲ ਤੋਂ ਤਿਆਰ ਕੀਤਾ ਜਾਂਦਾ ਹੈ। ਉਨ੍ਹਾਂ ਆਖਿਆ ਕਿ ਉਹ ਉਸੇ ਵਿਅਕਤੀ ਨੂੰ ਗੁੜ ਦਿੰਦੇ ਹਨ ਜੋ ਮੌਕੇ 'ਤੇ ਆ ਕੇ ਬੁਕਿੰਗ ਕਰਵਾਉਂਦਾ ਹੈ। ਉਨ੍ਹਾਂ ਆਖਿਆ ਕਿ ਉਹ 100 ਰੁਪਏ ਕਿੱਲੋ ਗੁੜ ਵੇਚਦੇ ਹਨ ਅਤੇ ਪਿਛਲੇ ਸਾਲ ਉਨ੍ਹਾਂ ਨੂੰ ਸੀਜ਼ਨ 'ਚ ਖ਼ਰਚਾ ਕੱਢ ਕੇ ਦੋ ਲੱਖ ਰੁਪਏ ਪ੍ਰਤੀ ਏਕੜ ਦੀ ਕਮਾਈ ਹੋਈ ਸੀ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਸ਼ੁੱਧ ਉਤਪਾਦ ਵੇਚ ਕੇ ਤਸੱਲੀ ਹੁੰਦੀ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਕਮਾਦ ਬੀਜ ਕੇ ਸ਼ੁੱਧ ਦੇਸੀ ਗੁੜ ਤਿਆਰ ਕਰ ਕੇ ਲੋਕਾਂ ਨੂੰ ਇਸ ਦਾ ਫ਼ਾਇਦੇ ਬਾਰੇ ਜਾਗਰੂਕ ਕਰਨ ਕਿਉਂਕਿ ਗੁੜ ਸ਼ੂਗਰ ਦੀ ਬੀਮਾਰੀ ਨੂੰ ਜੜ੍ਹੋਂ ਖ਼ਤਮ ਕਰ ਸਕਦਾ ਹੈ। ਕਿਸਾਨ ਹਰਬੰਸ ਸਿੰਘ ਨੇ ਦੱਸਿਆਂ ਕਿ ਉਨ੍ਹਾਂ ਦੇ ਪੁਰਖੇ ਪਹਿਲਾਂ ਕਈ ਏਕੜ 'ਚ ਕਮਾਦ ਬੀਜਦੇ ਸਨ, ਪਰ ਜਦੋਂ ਤੋਂ ਖੰਡ ਮਾਰਕੀਟ 'ਚ ਆਈ ਹੈ ਓਦੋਂ ਤੋਂ ਗੁੜ ਦੀ ਵਿਕਰੀ ਘੱਟ ਗਈ।

## ਤਨਖ਼ਾਹ ਮੰਗਣ 'ਤੇ ਮਹਿਲਾ ਕਾਰੋਬਾਰੀ ਨੇ ਦਲਿਤ ਨੂੰ ਕੁੱਟਿਆ, ਮੂੰਹ 'ਚ ਪਾਈ ਜੁੱਤੀ



ਮੋਰਬੀ: ਗੁਜਰਾਤ ਦੇ ਮੋਰਬੀ ਸ਼ਹਿਰ ਦੀ ਪੁਲੀਸ ਨੇ ਮਹਿਲਾ ਕਾਰੋਬਾਰੀ ਅਤੇ ਛੇ ਹੋਰਾਂ ਵਿਰੁੱਧ 21 ਸਾਲਾ ਦਲਿਤ ਵਿਅਕਤੀ ਨੂੰ ਤਨਖ਼ਾਹ ਮੰਗਣ 'ਤੇ ਉਸ ਦੀ ਕੁੱਟਮਾਰ ਕਰਨ ਅਤੇ ਉਸ ਦੇ ਮੂੰਹ 'ਚ ਜੁੱਤੀਆਂ ਰੱਖ ਕੇ ਮੁਆਫ਼ੀ ਮੰਗਣ ਲਈ ਮਜਬੂਰ ਕਰਨ ਦੇ ਦੋਸ਼ 'ਚ ਕੇਸ ਦਰਜ ਕੀਤਾ ਹੈ। ਪ੍ਰਤਿਪਾਲ ਸਿੰਘ ਨੇ ਦੱਸਿਆ ਕਿ ਪੀੜਤ ਨਿਲੇਸ਼ ਦਲਸਾਨੀਆ ਨੇ ਸ਼ਿਕਾਇਤ ਦਰਜ ਕਰਵਾਈ ਹੈ ਜਿਸ ਦੇ ਆਧਾਰ 'ਤੇ ਮੋਰਬੀ ਸ਼ਹਿਰ ਦੀ A ਡਿਵਿਜ਼ਨ ਪੁਲੀਸ ਨੇ ਔਰਤ ਵਿਭੂਤੀ ਪਟੇਲ ਉਰਫ਼ ਰਾਣੀਬਾ ਅਤੇ ਉਸ ਦੇ ਭਰਾ ਓਮ ਪਟੇਲ ਅਤੇ ਮੈਨੇਜਰ ਪਰੀਕਸ਼ਿਤ ਸਮੇਤ ਹੋਰਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਵਿਭੂਤੀ ਪਟੇਲ ਰਾਣੀਬਾ ਇੰਡਸਟਰੀਜ਼ ਪ੍ਰਾਈਵੇਟ ਲਿਮਟਿਡ ਦੀ ਮਾਲਕਣ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਅਕਤੂਬਰ ਦੀ ਸ਼ੁਰੂਆਤ 'ਚ ਉਸ ਨੇ ਦਲਸਾਨੀਆ, ਜੋ ਟਾਇਲਸ ਮਾਰਕੀਟਿੰਗ 'ਚ ਹੈ, ਨੂੰ 12 ਹਜ਼ਾਰ ਰੁਪਏ ਦੀ ਮਹੀਨਾਵਾਰ ਤਨਖ਼ਾਹ 'ਤੇ ਨੌਕਰੀ 'ਤੇ ਰੱਖਿਆ। 18 ਅਕਤੂਬਰ ਨੂੰ ਉਸ ਨੇ ਅਚਾਨਕ ਦਲਸਾਨੀਆ ਨੂੰ ਬਰਖ਼ਾਸਤ ਕਰ ਦਿੱਤਾ, ਅਤੇ ਜਦੋਂ ਦਲਸਾਨੀਆ ਨੇ ਕੰਪਨੀ 'ਚ ਕੰਮ ਕਰਨ ਲਈ 16 ਦਿਨਾਂ ਲਈ ਆਪਣੀ ਤਨਖ਼ਾਹ ਦੀ ਮੰਗ ਕੀਤੀ ਤਾਂ ਪਟੇਲ ਨੇ ਸਪੱਸ਼ਟ ਜਵਾਬ ਨਹੀਂ ਦਿੱਤਾ ਅਤੇ ਫ਼ਿਰ ਉਸ ਦੇ ਫ਼ੋਨ ਦਾ ਜਵਾਬ ਦੇਣਾ ਬੰਦ ਕਰ ਦਿੱਤਾ। ਦਲਸਾਨੀਆ, ਉਸ ਦਾ ਭਰਾ ਮੇਹੁਲ ਅਤੇ ਗੁਆਂਢੀ ਭਾਵੇਸ਼ ਦਫ਼ਤਰ ਗਏ ਤਾਂ ਕਾਰੋਬਾਰੀ ਦਾ ਭਰਾ ਓਮ ਪਟੇਲ ਆਪਣੇ ਸਾਥੀਆਂ ਨਾਲ ਉਸ ਜਗ੍ਹਾ 'ਤੇ ਪਹੁੰਚ ਗਿਆ ਅਤੇ ਤਿੰਨਾਂ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਪੁਲੀਸ ਰਿਪੋਰਟ 'ਚ ਕਿਹਾ ਗਿਆ ਹੈ ਕਿ ਵਿਭੂਤੀ ਪਟੇਲ ਨੇ ਉਸ ਨੂੰ ਥੱਪੜ ਮਾਰਿਆ ਅਤੇ ਘੜੀਸਿਆ। ਇਸ 'ਚ ਕਿਹਾ ਗਿਆ ਹੈ ਕਿ ਪਰੀਕਸ਼ਿਤ ਪਟੇਲ, ਓਮ ਪਟੇਲ ਅਤੇ ਛੇ ਤੋਂ ਸੱਤ ਅਣਪਛਾਤੇ ਵਿਅਕਤੀਆਂ ਸਮੇਤ ਮੁਲਜ਼ਮਾਂ ਨੇ ਉਸ ਨੂੰ ਬੈਲਟਾਂ ਨਾਲ ਕੁੱਟਿਆ ਅਤੇ ਉਸ ਨੂੰ ਲੱਤਾਂ ਅਤੇ ਮੁੱਕੇ ਵੀ ਮਾਰੇ। ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਵਿਭੂਤੀ ਪਟੇਲ ਨੇ ਆਪਣੀ ਜੁੱਤੀ ਉਸ ਦੇ ਮੂੰਹ 'ਚ ਪਾ ਦਿੱਤੀ ਅਤੇ ਮੁਆਫ਼ੀ ਮੰਗਣ ਲਈ ਕਿਹਾ। ਉਸ ਨੇ ਇਹ ਵੀ ਧਮਕੀ ਦਿੱਤੀ ਕਿ ਜੇ ਉਸ ਨੂੰ ਦੁਬਾਰਾ ਨੇੜੇ ਤੇੜੇ ਦੇਖਿਆ ਤਾਂ ਉਸ ਨੂੰ ਮਾਰ ਦਿੱਤਾ ਜਾਵੇਗਾ।

ਘਰ ਪਰਤਣ ਤੋਂ ਬਾਅਦ ਦਲਿਤ ਵਿਅਕਤੀ ਨੂੰ ਮੋਰਬੀ ਦੇ ਸਿਵਲ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦਾ ਇਲਾਜ ਚੱਲ ਰਿਹਾ ਹੈ। ਸਾਰੇ ਮੁਲਜ਼ਮਾਂ 'ਤੇ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ ਪਰ ਹਾਲੇ ਤਕ ਕਿਸੇ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ।

## 65 ਸਾਲਾ ਬਜ਼ੁਰਗ ਨੇ ਪਹਿਲੀ ਜਮਾਤ 'ਚ ਲਿਆ ਦਾਖ਼ਲਾ

ਲਾਹੌਰ: ਪਾਕਿਸਤਾਨ ਦੇ ਦੀਰ ਅੱਪਰ ਦੇ ਪਿੰਡ ਖੰਗੋਈ ਵਾਸੀ 65 ਸਾਲਾ ਦਿਲਾਵਰ ਖਾਨ ਨੇ ਪੜ੍ਹਨ ਅਤੇ ਲਿਖਣ ਦੇ ਕੌਸ਼ਲ 'ਚ ਮਹਾਰਤ ਹਾਸਿਲ ਕਰਨ ਦੇ ਇੱਕ ਮਾਤਰ ਉਦੇਸ਼ ਦੇ ਨਾਲ ਇੱਕ ਸਥਾਨਕ ਪ੍ਰਾਇਮਰੀ ਸਕੂਲ 'ਚ ਪਹਿਲੀ ਕਲਾਸ 'ਚ ਦਾਖ਼ਲਾ ਲੈ ਕੇ ਇਤਿਹਾਸ ਰਚ ਦਿੱਤਾ ਹੈ।ਦਿਲਾਵਰ ਖ਼ਾਨ, ਜੋ ਦੀਰ ਅੱਪਰ ਜ਼ਿਲ੍ਹੇ ਦੇ ਇੱਕ ਆਰਥਿਕ ਤੌਰ 'ਤੇ ਸੰਘਰਸ਼ ਕਰ ਰਹੇ ਪਰਿਵਾਰ ਤੋਂ ਹੈ, ਨੂੰ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰਨ ਲਈ ਆਪਣੀ ਜਵਾਨੀ 'ਚ ਇੱਕ ਰਸਮੀ ਸਿੱਖਿਆ ਦੀ ਸਹੂਲਤ ਨੂੰ ਤਿਆਗਣਾ ਪਿਆ। ਹਾਲ ਹੀ 'ਚ ਦਿਲਾਵਰ ਖ਼ਾਨ ਨੇ ਪੜ੍ਹਨਾ ਅਤੇ ਲਿਖਣਾ ਸਿੱਖਣ ਦੀ ਯਾਤਰਾ ਸ਼ੁਰੂ ਕਰਨ ਲਈ ਸਰਕਾਰੀ ਪ੍ਰਾਇਮਰੀ ਸਕੂਲ ਖੰਗੋਈ 'ਚ ਦਾਖ਼ਲਾ ਲੈ ਕੇ ਆਪਣੇ ਬਚਪਨ ਦੇ ਸੁਫ਼ਨੇ ਨੂੰ ਮੁੜ ਸੁਰਜੀਤ ਕਰਨ ਦੇ ਮੌਕੇ ਦਾ ਫ਼ਾਇਦਾ ਉਠਾਇਆ।

ਦਿਲਾਵਰ ਨੇ ਟਿੱਪਣੀ ਕੀਤੀ, "ਇੱਕ ਮੁਸਲਮਾਨ ਹੋਣ ਦੇ ਨਾਤੇ ਮੈਂ ਵਿਸ਼ਵਾਸ ਕਰਦਾ ਹਾਂ ਕਿ ਗਿਆਨ ਪ੍ਰਾਪਤ ਕਰਨਾ ਸਾਡੀ ਜ਼ਿੰਮੇਵਾਰੀ ਹੈ, ਅਤੇ ਮੈਂ ਦ੍ਰਿੜਤਾ ਨਾਲ ਕਹਿੰਦਾ ਹਾਂ ਕਿ ਉਮਰ ਸਿਰਫ਼ ਇੱਕ ਸੰਖਿਆ ਹੈ, ਇਸ ਦੇ ਪਿੱਛੇ ਕੋਈ ਵੱਡੀ ਰੁਕਾਵਟ ਨਹੀਂ।" ਉਮਰ ਦੀ ਅਸਮਾਨਤਾ ਦੇ ਬਾਵਜੂਦ ਉਹ ਹਰ ਸਵੇਰ ਸਕੂਲ ਜਾਂਦਾ ਹੈ, ਅਤੇ ਆਪਣੇ ਆਪ ਨੂੰ ਆਪਣੇ ਛੋਟੇ ਸਹਿਪਾਠੀਆਂ ਦੀ ਸਮੇਂ ਦੀ ਪਾਬੰਦਤਾ ਨਾਲ ਜੋੜਦਾ ਹੈ।

HR ACCOUNTANTS
ਅਸੀਂ ਤੁਹਾਡੀ ਕੰਪਨੀ ਅਤੇ ਬਿਜ਼ਨਿਸ ਦਾ ਲੇਖਾ ਜੋਖਾ ਕਰਨ ਵਿੱਚ ਪੂਰੇ ਮਾਹਿਰ ਹਾਂ। ਨਵੀਂ ਕੰਪਨੀ ਖੋਲ੍ਹਣ ਵਿੱਚ ਅਤੇ ਟੈਕਸ ਬਚਾਉਣ ਵਿੱਚ ਮੱਦਦ ਕਰ ਸਕਦੇ ਹਾਂ
OUR SERVICES INCLUDE:
- Self Assessment Tax Returns (Company a Personal)
- Accounts Preparations (Management It Annual Accounts)
- VAT Returns
- Payroll Services
- Book Keeping
- Company Formation & Business Start Ups
- Business Plans & Cash Flow Projections
- Inland Revenue Registration
- Computerised Accountancy System Set up
- Tax Credits it Benefits

Address: 149, Spon Lane, West Bromwich, Birmingham, B70 6AS
Tel/Fax: 0121 553 5019 Mob: 07912 217 914
Web: www.hraccountants.net1 Email: hr.a«ountants,iyahoo.com

ਮਨ ਜਿੱਤ
ਵੀਕਲੀ

# ਉੱਦਮ ਦੀ ਜਿੱਤ

ਮੰਗਲਵਾਰ ਉੱਤਰਾਖੰਡ ਦੀ ਸਿਲਕਿਆਰਾ ਸੁਰੰਗ ਵਿਚ ਫਸੇ 41 ਮਜਦੂਰਾਂ ਨੂੰ ਸੁਰੱਖਿਅਤ ਢੰਗ ਨਾਲ ਬਾਹਰ ਕੱਢ ਲਿਆ ਗਿਆ। ਇਹ ਮਜਦੂਰ 12 ਨਵੰਬਰ ਨੂੰ ਸੁਰੰਗ ਦਾ ਇਕ ਹਿੱਸਾ ਢਹਿ ਜਾਣ ਕਾਰਨ ਇਸ ਵਿਚ ਫਸ ਗਏ ਸਨ। ਉਨ੍ਹਾਂ ਤੱਕ 6 ਇੰਚ ਚੌੜੀ ਪਾਈਪ ਪਹੁੰਚਾ ਕੇ ਉਨ੍ਹਾਂ ਨੂੰ ਭੋਜਨ, ਪਾਣੀ, ਦਵਾਈਆਂ ਆਦਿ ਪਹੁੰਚਾਈਆਂ ਜਾ ਰਹੀਆਂ ਸਨ। 17 ਦਿਨ ਚੱਲੇ ਬਚਾਅ ਅਪਰੇਸ਼ਨ ਵਿਚ ਫੌਜ, ਐੱਨਡੀਆਰਐਫ, ਕੇਂਦਰੀ ਤੇ ਸੂਬਾ ਸਰਕਾਰ ਦੀਆਂ ਕਈ ਏਜੰਸੀਆਂ, ਪ੍ਰਸ਼ਾਸਨ, ਪੁਲੀਸ ਤੇ ਵਿਦੇਸ਼ੀ ਮਾਹਿਰਾਂ ਨੇ ਹਿੱਸਾ ਲਿਆ। ਬਹੁਤਾ ਕੰਮ ਮਸ਼ੀਨਾਂ ਰਾਹੀਂ ਕੀਤਾ ਗਿਆ ਪਰ ਅੰਤਿਮ ਪੜਾਅ ’ਤੇ ਮਸ਼ੀਨਾਂ ਜਵਾਬ ਦੇ ਗਈਆਂ ਤੇ ਨਿਰਾਸ਼ਾ ਫੈਲਣ ਲੱਗੀ। ਉਸ ਸਮੇਂ ਉਹ ਹੁਨਰਮੰਦ ਕਾਮੇ, ਜਿਹੜੇ ਕੋਲੇ ਦੀਆਂ ਖਾਣਾਂ ਵਿਚ ਹੱਥਾਂ ਨਾਲ ਖ਼ੁਦਾਈ ਕਰ ਕੇ ਕੋਲਾ ਕੱਢਦੇ ਰਹੇ ਹਨ, ਕੰਮ ਆਏ। ਇਹ ਮੁਹਿੰਮ ਉਨ੍ਹਾਂ ਦੀ ਕੁਸ਼ਲਤਾ ਤੇ ਹਿੰਮਤ ਸਦਕਾ ਸਿਰੇ ਲੱਗੀ। ਸੁਰੰਗ ਵਿਚ ਫਸੇ ਮਜਦੂਰਾਂ ਦੀ ਜਾਨ ਬਚਾਉਣ ਲਈ ਕੰਮ ਕਰਨ ਵਾਲੀਆਂ ਸਾਰੀਆਂ ਸੰਸਥਾਵਾਂ ਤੇ ਮਜਦੂਰ ਵਧਾਈ ਦੇ ਪਾਤਰ ਹਨ। ਇਹ ਸੁਰੰਗ ਚਾਰ ਧਾਮ ਯੋਜਨਾ ਤਹਿਤ ਬਣਾਈ ਜਾ ਰਹੀ ਹੈ ਜਿਸ ਵਿਚ ਉੱਤਰਾਖੰਡ ਸਥਿਤ ਚਾਰ ਧਾਰਮਿਕ ਸਥਾਨਾਂ ਗੰਗੋਤਰੀ, ਯਮੁਨੋਤਰੀ, ਕੇਦਾਰਨਾਥ ਤੇ ਬਦਰੀਨਾਥ ਨੂੰ ਆਪਸ ਵਿਚ ਹਰ ਮੌਸਮ ਵਿਚ ਚੱਲਣ ਵਾਲੀਆਂ ਸੜਕਾਂ ਰਾਹੀਂ ਜੋੜਿਆ ਜਾ ਰਿਹਾ ਹੈ। ਇਸ ਲਈ 900 ਕਿਲੋਮੀਟਰ ਲੰਮੀ ਦੋ ਲੇਨਾਂ ਵਾਲੀ ਸੜਕ ਬਣਾਈ ਜਾ ਰਹੀ ਹੈ ਜਿਸ ’ਤੇ 12000 ਕਰੋੜ ਰੁਪਏ ਖਰਚ ਆਉਣਗੇ। ਕੌਮੀ ਸ਼ਾਹਰਾਹ 134 ’ਤੇ ਬਣਾਈ 4.5 ਕਿਲੋਮੀਟਰ ਲੰਮੀ ਇਹ ਸੁਰੰਗ ਸਿਲਕਿਆਰਾ ਤੇ ਡੰਡਾਲਗਾਓਂ ਨੂੰ ਜੋੜੇਗੀ; ਇਸ ਦੇ ਮੁਕੰਮਲ ਹੋਣ ਨਾਲ ਸਫਰ ਕਰਨ ਦਾ ਸਮਾਂ ਇਕ ਘੰਟਾ ਘਟੇਗਾ। ਸੁਰੰਗ ਨੂੰ ਬਣਾਉਣ ਦਾ ਖਰਚਾ 1383.78 ਰੁਪਏ ਹੋਣ ਦਾ ਅਨੁਮਾਨ ਹੈ। 12 ਨਵੰਬਰ ਨੂੰ ਸੁਰੰਗ ਦਾ ਇਕ ਹਿੱਸਾ, ਜਿਹੜਾ ਸਿਲਕਿਆਰਾ ਵੱਲੋਂ 205 ਤੋਂ 206 ਮੀਟਰ ਦੂਰ ਸੀ, ਢਹਿ ਗਿਆ ਤੇ ਮਜਦੂਰ ਉਸ ਵਿਚ ਫਸ ਗਏ। ਉਨ੍ਹਾਂ ਨੂੰ ਬਚਾਉਣ ਲਈ ਜਮੀਨ ਦੇ ਲੇਟਵੀਂ () ਛੋਟੀ ਸੁਰੰਗ ਬਣਾਉਣ ਦੀ ਕੋਸ਼ਿਸ਼ ਆਰੰਭੀ ਗਈ। ਖ਼ੁਦਾਈ/ਡਰਿਲਿੰਗ ਕਰਨ ਵਾਲੀ ਅਮਰੀਕੀ ਆਊਗਰ ਮਸ਼ੀਨ ਦੁਆਰਾ ਖ਼ੁਦਾਈ ਕੀਤੀ ਗਈ ਪਰ ਫਸੇ ਹੋਏ ਮਜਦੂਰਾਂ ਤਕ ਪਹੁੰਚਣ ਤੋਂ 10-12 ਮੀਟਰ ਪਹਿਲਾਂ ਇਹ ਮਸ਼ੀਨ ਰਸਤੇ ਵਿਚ ਲੋਹੇ ਦੇ ਟੋਟਿਆਂ ਨਾਲ ਟਕਰਾਉਣ ਕਾਰਨ ਟੁੱਟ ਗਈ ਤੇ ਕੰਮ ਬੰਦ ਹੋ ਗਿਆ। 10-12 ਮੀਟਰ ਦੀ ਖ਼ੁਦਾਈ ਕਰਨ ਲਈ ਉਹ ਮਜਦੂਰ ਲਿਆਉਣ ਦਾ ਸੁਝਾਅ ਦਿੱਤਾ ਗਿਆ ਜਿਨ੍ਹਾਂ ਨੂੰ ਮੇਘਾਲਿਆ ਵਿਚ ਹੱਥਾਂ ਨਾਲ ਕੋਲੇ ਕੱਢਣ ਦਾ ਤਜਰਬਾ ਹੋਵੇ। ਮੇਘਾਲਿਆ ਵਿਚ ਹੱਥਾਂ ਤੇ ਔਜ਼ਾਰਾਂ ਨਾਲ ਛੋਟੇ ਛੋਟੇ ਰਸਤੇ/ਮੋਰੀਆਂ ਬਣਾ ਕੇ ਕੋਲਾ ਕੱਢਿਆ ਜਾਂਦਾ ਰਿਹਾ ਹੈ ਜਿਸ ਨੂੰ ‘ਰੈਟ ਹੋਲ ਮਾਈਨਿੰਗ ਕਿਹਾ ਜਾਂਦਾ ਹੈ। ਇਹ ਕੰਮ ਕਾਫੀ ਜੋਖਮ ਭਰਿਆ ਹੈ। ਮੇਘਾਲਿਆ ਵਿਚ ਅਜਿਹੀ ਖ਼ੁਦਾਈ ਕਰਦਿਆਂ ਕਈ ਹਾਦਸੇ ਹੋਏ ਹਨ ਜਿਨ੍ਹਾਂ ਵਿਚ ਦਰਜਨਾਂ ਮਜਦੂਰਾਂ ਦੀਆਂ ਜਾਨਾਂ ਗਈਆਂ ਹਨ। 2014 ਵਿਚ ਨੈਸ਼ਨਲ ਗਰੀਨ ਟ੍ਰਿਬਿਊਨਲ (ਐੱਨਜੀਟੀ) ਨੇ ਅਜਿਹੀ ਖ਼ੁਦਾਈ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਸੀ। 12 ਮੈਂਬਰਾਂ ਦੀ ਹੱਥਾਂ ਨਾਲ ਖ਼ੁਦਾਈ ਕਰਨ ਵਾਲੀ ਟੀਮ ਨੇ 24 ਘੰਟੇ ਤੋਂ ਜ਼ਿ ?ਆਦਾ ਲਗਾਤਾਰ ਕੰਮ ਕਰਕੇ 10-12 ਮੀਟਰ ਦੀ ਖ਼ੁਦਾਈ ਮੁਕੰਮਲ ਕਰ ਲਈ। ਟੀਮ ਵਿਚ ਮੁੰਨਾ ਕੁਰੈਸ਼ੀ, ਮੋਨੂ ਕੁਮਾਰ, ਵਕੀਲ ਖਾਨ, ਫਿਰੋਜ, ਪਰਸਾਦੀ ਲੋਧੀ, ਵਿਪਨ ਤੇ ਹੋਰਨਾਂ ਨੇ ਆਪਣਾ ਕਮਾਲ ਦਿਖਾਇਆ। ਮਜਦੂਰਾਂ ਤੱਕ ਸਭ ਤੋਂ ਪਹਿਲਾਂ ਪਹੁੰਚਣ ਵਾਲਾ ਮੁੰਨਾ ਕੁਰੈਸ਼ੀ ਦਿੱਲੀ ਦੀ ਸੀਵਰ ਸਾਫ ਕਰਨ ਵਾਲੀ ਕੰਪਨੀ ਵਿਚ ਕੰਮ ਕਰਦਾ ਹੈ। ਐੱਨਡੀਐਮਏ ਦੇ ਮੈਂਬਰ ਲੈਫਟੀਨੈਂਟ ਜਨਰਲ ਅਤਾ ਹਸਨੈਨ ਨੇ ਇਨ੍ਹਾਂ ਖ਼ੁਦਾਈਕਾਰਾਂ ਦਾ ਸ਼ੁਕਰੀਆ ਅਦਾ ਕਰਦਿਆਂ ਕਿਹਾ, “ਜਿੱਥੇ ਮਸ਼ੀਨ ਨੇ ਕੰਮ ਕਰਨਾ ਬੰਦ ਕਰ ਦਿੱਤਾ ਉੱਥੇ ਮਨੁੱਖ ਦੇ ਹੱਥ ਕੰਮ ਆਏ।” ਸੁਪਰੀਮ ਕੋਰਟ ਨੇ ਚਾਰ ਧਾਮ ਯੋਜਨਾ ਦਾ ਜਾਇਜ਼ਾ ਲੈਣ ਲਈ ਇਕ ਉੱਚ ਪੱਧਰੀ ਕਮੇਟੀ ਬਣਾਈ ਸੀ ਜਿਸ ਦੇ ਮੁਖੀ ਰਵੀ ਚੋਪੜਾ ਨੇ ਸੁਪਰੀਮ ਕੋਰਟ ਦੇ 14 ਦਸੰਬਰ 2021 ਦੇ ਉਸ ਫੈਸਲੇ ਦਾ ਵਿਰੋਧ ਕਰਦਿਆਂ ਅਸਤੀਫਾ ਦੇ ਦਿੱਤਾ ਸੀ ਜਿਸ ਤਹਿਤ ਸਰਬਉੱਚ ਅਦਾਲਤ ਨੇ ਧਾਰਮਿਕ ਸਥਾਨਾਂ ਨੂੰ ਜੋੜਨ ਵਾਲੀਆਂ ਸੜਕਾਂ ਦੀ ਚੌੜਾਈ 10 ਮੀਟਰ ਤਕ ਵਧਾਉਣ ਦੀ ਇਜਾਜਤ ਦੇ ਦਿੱਤੀ ਸੀ। ਰਵੀ ਚੋਪੜਾ ਨੇ ਇਸ ਨੂੰ ‘ਹਿਮਾਲਿਆ ’ਤੇ ਹਮਲਾ’ ਦੱਸਿਆ ਸੀ। ਸੁਪਰੀਮ ਕੋਰਟ ਨੇ ਇਹ ਇਜਾਜਤ ਕੇਂਦਰ ਸਰਕਾਰ ਦੀ ਦੇਸ਼ ਦੀ ਸੁਰੱਖਿਆ ਲਈ ਸਰਹੱਦੀ ਸੜਕਾਂ ਮਜਬੂਤ ਕਰਨ ਤਹਿਤ ਦਿੱਤੀ ਸੀ। ਮਾਹਿਰਾਂ ਦਾ ਕਹਿਣਾ ਹੈ ਕਿ ਹਿਮਾਲਿਆ ਦੀਆਂ ਪਹਾੜੀਆਂ ਕੱਚੀਆਂ ਹਨ ਅਤੇ ਉਨ੍ਹਾਂ ਵਿਚ ਸੁਰੰਗਾਂ ਬਣਾਉਂਦੇ ਸਮੇਂ ਬਹੁਤ ਧਿਆਨ ਰੱਖਣ ਦੀ ਲੋੜ ਹੈ।



**- ਕਰਮ ਸਿੰਘ ‘ਕਰਮ’**

# ਹੇ ਬਾਬਾ ਨਾਨਕਾ.... ।

**‘ਚੰਨ ਜੰਡਿਆਲਵੀ’ ਗੀਤਕਾਰ**



ਨਾਨਕੀ ਦੇ ਵੀਰਨਾ, ਤ੍ਰਿਪਤਾ ਦੀ ਅੱਖ ਦੇ ਤਾਰਿਆ,
ਜੱਗ ਦੇ ਚਾਨਣਾ, ਕਾਲੂ ਦੇ ਰਾਜ ਦੁਲਾਰਿਆ,
ਸਤਿਨਾਮ ਦਾ ਅਵਜਾ ਆਕੇ ਲਾ।
ਹੇ ਬਾਬਾ ਨਾਨਕਾ- ਫੇਰ ਫੇਰਾ ਪਾ।
ਸੱਜਣ ਬਣਗੇ ਠੱਗ ਨੇ ਬਾਬਾ,ਠੱਗ ਬਣੇ ਹੁਣ ਸੱਜਣ,
ਕੰਮ ਨਿਕਲਿਦਆਂ ਸਾਰ ਇਹ ਸਾਰੇ, ਅੱਖ ਬਚਾਕੇ ਭੱਜਣ।
ਭੱਜਦਿਆਂ ਨੂੰ ਤਾਂ ਵਾਹਣ ਇੱਕੋ ਜਿਹਾ,
ਇਨ੍ਹਾਂ ਕਮਲਿਆਂ ਨੂੰ ਸਮਝਾ। ਹੇ ਬਾਬਾ ਨਾਨਕਾ.........।
ਹਰ ਵਿਹੜੇ ਵਿੱਚ ਪਈਆਂ ਵੰਡੀਆਂ,ਵੱਖੋ ਵੱਖਰੇ ਚੁਲ੍ਹੇ,
ਆਪੋ ਆਪਣੀ ਲੋੜ ਲਈ ਵਰਤਣ,ਬਚਨ ਤੇਰੇ ਅਣਮੁੱਲੇ।
ਕੌੜਾ ਬੋਲਣ ਬੋਲੀ ਜਾਂਦੇ,ਮਿੱਠੜਾ ਦਿੱਤਾ ਭੁਲਾ। ਹੇ ਬਾਬਾ...।
ਹੈ ਜੱਗ ਬੜਾ ਜੁਗਾੜੀ ਹੋਇਆ,ਜੁਗਤ ਲੜਾਉਂਦਾ ਰਹਿੰਦਾ।
ਨਾਮ ਤੇਰੇ ਤੇ ਖੋਲ੍ਹ ਦੁਕਾਨਾਂ, ਮਾਲਕ ਬਣ ਬਣ ਬਹਿੰਦਾ।
ਭਾਗੋ ਦਿਆਂ ਸਭ ਭਾਈ ਭਤੀਜਿਆਂ, ਲਾਲੋ ਲਿਆ ਭਜ੍ਹਾ।
ਹੇ ਬਾਬਾ ਨਾਨਕਾ- ਫੇਰ ਫੇਰਾ ਪਾ।
ਹਾਉਮੇ ਦੀ ਸਰਦਾਰੀ ਹਰ ਥਾਂ, ਆਪੋ ਧਾਪੀ ਹੋਏ।
ਲੱਗਦੈ ਵਲੀ ਕੰਧਾਰੀ ਵਰਗੇ, ਕਬਰੋਂ ਉੱਠ ਖਲੋਏ।
ਚੰਨ ਜੰਡਿਆਲਵੀ’ਕਰੇ ਉਡੀਕਾਂ,ਦਰਸ਼ ਤੇਰੇ ਦਾ ਚਾਅ।
ਹੇ ਬਾਬਾ ਨਾਨਕਾ- ਫੇਰ ਫੇਰਾ ਪਾ।

# ‘ਗੁਰੂ ਨਾਨਕ ਆਇਆ’



**ਬਲਦੇਵ ਸਿੰਘ ‘ਗਿੱਲ’**

ਜਦ ਦੁਨੀਆਂ ਉੱਤੇ ਜ਼ੁਲਮ ਦੀ ,ਸੀ ਰਹੀ ਝੁੱਲ੍ਹ ਹਨੇਰੀ,
ਸੀ ਧਰਮ, ਧਰਮ ਨੂੰ ਖਾ ਰਿਹਾ,ਬੰਦੇ ਦਾ ਬੰਦਾ ਵੈਰੀ।
ਹਰ ਪਾਸੇ ਜਾਬਰ ਦੇ ਜ਼ੁਲਮ ਦਾ, ਡਰ ਸੀ ਛਾਇਆ।
ਮਿਟੀ ਧੁੰਧ ਜੱਗ ਚਾਨਣ ਹੋਆ,ਗੁਰੂ ਨਾਨਕ ਆਇਆ।
ਥਾਂ ਥਾਂ ਤੇ ਅਬਲਾ ਰੋਂਦੀਆਂ,ਧਰਮੀ ਅੰਦਰ ਵੜ ਗਏ,
ਹੱਕ ਸੱਚ ਤੇ ਗ਼ੈਰਤ ਅਣਖ਼ ਨੂੰ,ਸੀ ਜਿੰਦਰੇ ਵੱਜ ਗਏ।
ਖ਼ੂਨ ਖ਼ੂਨ ਦਾ ਵੈਰੀ ਬਣ ਗਿਆ,ਖ਼ੂਨੀ ਫਿਰੇ ਤਿਹਾਇਆ,
ਮਿਟੀ ਧੁੰਧ ਜੱਗ ਚਾਨਣ ਹੋਆ,ਗੁਰੂ ਨਾਨਕ ਆਇਆ।
ਰਾਜੇ ਸ਼ੀਂਹ ਮੁਕੱਦਮ ਕੁੱਤਿਆਂ, ਨੇ ਅੱਤ ਸੀ ਚੱਕੀ,
ਥਾਂ ਥਾਂ ਤੇ ਗ਼ੈਰਤ ਪਿਸ ਰਹੀ,ਵਿੱਚ ਜ਼ੁਲਮ ਦੀ ਚੱਕੀ।
ਨਾ ਭਾਲਾ ਨਾ ਸ਼ਮਸ਼ੀਰ ਕੋਈ, ਨਾ ਬਾਣ ਚਲਾਇਆ,
ਮਿਟੀ ਧੁੰਧ ਜੱਗ ਚਾਨਣ ਹੋਆ,ਗੁਰੂ ਨਾਨਕ ਆਇਆ।
ਦਸ ਨੌਹਾਂ ਦੀ ਕ੍ਰਿਤ ਕਮਾਈ ਦਾ , ਫਲ ਮਿੱਠਾ ਹੋਵੇ,
ਹੱਕ ਸੱਚ ਦੀ ਕ੍ਰਿਤ ਕਮਾਈ ਚੋਂ, ਦੁੱਧ ਮਿੱਠਾ ਚੋਵੇ।
ਲਹੂ ਪੂੜੀਆਂ ਵਿੱਚੋਂ ਨਿਚੋੜਕੇ, ਹੰਕਾਰ ਦਿਖਾਇਆ,
ਮਿਟੀ ਧੁੰਧ ਜੱਗ ਚਾਨਣ ਹੋਆ,ਗੁਰੂ ਨਾਨਕ ਆਇਆ।
‘ਗਿੱਲ’ ਇੱਕੋ ਰੱਬ ਖ਼ੁਦਾ ਹੈ,ਧਰਮ ਹੈਂਕੜ ਵਿੱਚ ਫਸੇ,
ਇੱਕੋ ਹੀ ਖ਼ੂਨ ਇਨਸਾਨ ਦਾ,ਸਭ ਇੱਕੋ ਜ਼ਿਹੇ ਘੱਲ੍ਹੇ।
ਇੱਕ ਨੂਰ ਤੋਂ ਸਭ ਜੱਗ ਉਪਜਿਆ,੧ਓ ਸਮਝਾਇਆ,
ਮਿਟੀ ਧੁੰਧ ਜੱਗ ਚਾਨਣ ਹੋਆ,ਗੁਰੂ ਨਾਨਕ ਆਇਆ।

# ਲੁੱਟ

**ਅਮਨਦੀਪ ਕੌਰ**

ਕਦੇ ਰਾਜਨੇਤਾ ਨੇ ਲੁੱਟਦੇ, ਕਦੇ ਪਵੇ ਮਾਰ ਮਹਿੰਗਾਈ ਦੀ,
ਜੇ ਹਾਕਮ ਤੂੰ ਅਖਵਾਉਣਾ ਏ, ਇੰਝ ਪਰਜਾ ਨਹੀਂ ਸਤਾਈ ਦੀ।
ਛੱਡ ਸੱਤਾ ਦਾ ਹੰਕਾਰ ਜਰਾ, ਤੂੰ ਕਰ ਲੈ ਫਕਿਰ ਲੋਕਾਈ ਦੀ,
ਅੰਨਦਾਤੇ ਬਾਰੇ ਸੋਚ ਜਰਾ, ਜਿਸ ਕਰਕੇ ਰੋਟੀ ਹੈ ਖਾਈਦੀ।
ਬੜਾ ਸਹਿ ਲਿਆ ਚੁੱਪ ਕਰਕੇ, ਹੁਣ ਹੱਦ ਸਾਡੀ ਨਰਮਾਈ ਦੀ,
ਏਕੇ ਵਿੱਚ ਤਾਕਤ ਹੁੰਦੀ ਐ, ਮੱਲਾ ਰਲ ਕੇ ਆਵਾਜ ਉਠਾਈਦੀ।
ਮਨ ਦੀ ਬਾਤ ਹੁਣ ਕਰਲੈ ਤੂੰ, ਨਹੀਂ ਮੂੰਹ ਵਿੱਚ ਗੱਲ ਚਬਾਈਦੀ,
ਇੱਕੋ ਸੁਨੇਹਾ ਦੀਪ ਦਾ ਏ, ਸਦਾ ਸੱਚ ਲਈ ਕਲਮ ਚਲਾਈਦੀ।

# ‘ਨਾ ਵਰਤੀ ਕੋਈ ਤਲਵਾਰ’

**ਕਰਮ ਸਿੰਘ ਕਰਮ**



ਮੇਰੇ ਸਤਿਗੁਰ ਨਾਨਕ ਪਾਤਸ਼ਾਹ, ਤੈਨੂੰ ਬਾਰੰਬਾਰ ਨਮਸਕਾਰ।
ਸਭ ਕਹਿੰਦੇ ਰੱਬ ਦਾ ਰੂਪ ਹੈ, ਪ੍ਰਗਟ ਹੋਇਆ ਵਿੱਚ ਸੰਸਾਰ।
ਭੱਜਿਆ ਦੂਰ ਅੰਧੇਰਾ ਪਾਪ ਦਾ,ਚਮਕੀ ਜੋਤ ਜਦੋਂ ਨਿਰੰਕਾਰ।
ਦੇਕੇ ਹੋਕਾ ਜੱਗ ਤੇ ਸੱਚ ਦਾ,ਦੱਸਿਆ ਸਭ ਨੂੰ ਨਾਲ ਪਿਆਰ।
ਦਿੱਤੀ ਆਕੜ ਭੰਨ੍ਹ ਘੁਮੰਢ੍ਹ ਦੀ, ਨਾ ਵਰਤੀ ਕੋਈ ਤਲਵਾਰ।
ਬਾਬਰ ਵਰਗੇ ਸ਼ਹਿਨਸ਼ਾਹ, ਵੀ, ਆਕੇ ਝੁਕ੍ਹੇ ਤੇਰੇ ਦਰਬਾਰ।
ਤੂੰ ਸੱਜਣ ਠੱਗ ਵੀ ਤਾਰਿਆ, ਦਿੱਤਾ ਕੌਡਾ ਵੀ ਰਾਖਸ਼ ਤਾਰ।
ਦੱਸ ਦਿੱਤਾ ਭਾਗੋ ਮਲਿਕ ਨੂੰ, ਓ’ ਤੇਰਾ ਝੂਠਾ ਹੈ ਕਿਰਦਾਰ।
ਤੂੰ ਮਾਣ ਵਧਾਇਆ ਕ੍ਰਿਤ ਦਾ, ਦੇ ਕੇ, ਲਾਲੋ ਨੂੰ ਸਤਿਕਾਰ।
ਤੇਰੀ ਬਾਣੀ ਅਰਸ਼ੋਂ ਉੱਤਰੀ, ਜਿਹੜੀ ਸਭਦਾ ਕਰੇ ਉਧਾਰ।
ਦਿਸਦੀ ਇਸਦੇ ਵਿੱਚੋਂ ਦਾਤਿਆ, ਸੱਚੀ ਮੂਰਤ ਹੈ ਕਰਤਾਰ।
ਤੂੰ ਦੱਸਿਆ ਸਾਰੇ ਜਗਤ ਨੂੰ,ਸਭ ਨੇ ਰੱਬ ਦਾ ਇੱਕ ਪ੍ਰੀਵਾਰ।
ਜੋ ਚੱਲਕੇ ਰਸਤੇ ਸੱਚ ਦੇ, ਕਰਦੇ ਸੱਚੀ ਜੱਗ ਤੇ ਸੱਚੀ ਕਾਰ।
ਓਹੀ ਉੱਤਮ ਜੱਗ ਤੇ ਆਦਮੀ, ਬਾਕੀ ਸਭ ਨੇ ਢੋਰ੍ਹ ਗਵਾਰ।
ਇਹ ਸੀ ਖ਼ਤਰਾ ਉਨ੍ਹਾਂ ਵਾਸਤੇ,ਜਿਨ੍ਹਾਂ ਵਰਣ ਬਣਾਏ ਚਾਰ।
ਤੇਰੇ ਏਸੇ ਸੱਚ ਨੇ ਦਾਤਿਆ, ਮਨੂੰਵਾਦ ਨੂੰ ਪਾਈ ਫ਼ਿਟਕਾਰ।
ਸਭਨੂੰ ਦੱਸਿਆ ਵਰਣ ਤਾਂ ਇੱਕ ਹੈ,ਨਾ ਕੋਈ ਇਸਤੋਂ ਬਾਹਰ।
ਮਨ ਮਨੁੱਖਤਾ ਦਾ ਜਿਹੜਾ ਜਿੱਤਲੂ,ਉਹੀ ਬਣ ਬੈਠੂ ਸਰਦਾਰ।
ਮਿਲਜੂ ਨਾਲ ਸ਼ਾਨ ਦੇ ਰਹਿਣ ਦਾ, ਵੀ ਕਰਮੇ’ ਨੂੰ ਅਧਿਕਾਰ।

# ਤੇਰੀਆਂ ਚਾਰ ਉਦਾਸੀਆਂ

ਤੇਰੀਆਂ ਚਾਰ ਉਦਾਸੀਆਂ
ਤੇਰੀ ਫੋਟੋ ਚੋਂ ਮਿਟਾ ਆਏ ਹਾਂ
ਮਖਮਲੀ ਬਾਣੇ ਵਾਲੀ
ਸੋਭਾ ਸਿੰਘ ਦੀ ਬਣਾਈ ਤਸਵੀਰ ਸਜਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ
ਹਲ ਤਾਂ ਸਾਥੋਂ ਵਾਹ ਨਹੀ ਹੋਇਆ
ਜਮੀਨ ਠੇਕੇ ਤੇ ਝੜਾ ਆਏ ਹਾਂ
ਖੇਤੀ ਵਿੱਚੋ ਹੁਣ ਕੁੱਝ ਨਹੀ ਬਚਦਾ
ਪਰ ਠੇਕਾ ਹੋਰ ਵਧਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ
ਕੜਿਆ ਵਾਲੀ ਕਾਰ ਲਈ ਸੀ
ਸੁਕਰਾਨੇ ਵਜੋਂ ਪੱਖਾ ਦਾਨ ਕਰਾ ਆਏ ਹਾਂ
ਲੋਕਾ ਨੂੰ ਵੀ ਥੋੜਾ ਪਤਾ ਤਾਂ ਲੱਗੇ
ਉਪਰ ਨਾਮ ਲਿਖਵਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ
ਜਾਤਾਂ ਪਾਤਾਂ ਨੂੰ ਭਾਂਵੇ ਤੂੰ ਨਹੀ ਸੀ ਮੰਨਦਾ
ਪਰ ਅਸੀ ਤਾਂ ਵੰਡੀਆਂ ਪਾ ਆਏ ਹਾਂ
ਜੱਟਾਂ ਦਾ, ਰਾਮਗੜ੍ਹੀਆ ਦਾ, ਵਿਹੜੇ ਵਾਲਿਆ ਦਾ
ਵੱਖਰਾ ਗੁਰਦੁਆਰਾ ਬਣਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ
ਸੱਚਾ ਸੌਦਾ ਤਾਂ ਨਹੀ ਸਾਥੋਂ ਹੋਇਆ
ਪਰ ਡੇਰਾ ਇੱਕ ਬਣਾ ਆਏ ਹਾਂ
ਨਾਨਕ ਸਵੀਟਸ, ਨਾਨਕ ਕਲਾਥ ਹਾਉਸ
ਤੇਰੇ ਨਾਂ ਤੇ ਬਿਜਨਸ ਚਲਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ
ਭਾਂਵੇ ਇਕ ਨ੍ਹੀ ਮੰਨੀ ਗੱਲ ਤੇਰੀ,
ਤੁਹਾਡੀ ਫੋਟੋ ਨੂੰ ਤਾਂ ਸਿਰ ਝੁਕਾਅ ਆਏ ਹਾਂ
ਠੱਗੀ ਦਾ ਭਾਵੇ ਚੋਰੀ ਦਾ,
ਅਸੀਂ ਆਪਣਾ ਦਸਵੰਧ ਕਢਵਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ
ਜਿਹੜੇ ਅੰਧਵਿਸ਼ਵਾਸ ਵਿੱਚੋ ਤੂੰ ਸੀ ਕੱਢਿਆ,
ਅਸੀਂ ਓਸੇ ਵਿੱਚ ਲੋਕਾਂ ਨੂੰ ਪਾ ਆਏ ਹਾਂ
ਤੁਹਾਡੇ ਦਿੱਤੇ ਤਰਕਾ ਦੀ,
ਅਸੀ ਕਰਾਮਾਤ ਬਣਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ
ਹੱਕ ਸੱਚ ਦੀ ਕਮਾਈ ਨਾਲ ਭਲਾਂ ਕੀ ਬਣਦਾ,
ਉੱਪਰਲੀ ਵਾਸਤੇ ਅਰਦਾਸ ਕਰਵਾ ਆਏ ਹਾਂ
ਹਾਂ ਦਸਵੰਧ ਓਹਦੇ ਵਿੱਚੋ ਵੀ ਕੱਢਾਗੇ,
ਇਹ ਵੀ ਗੱਲ ਮੁਕਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ
ਚਾਹ ਪਕੌੜੇ ਬਰਫੀ ਅਤੇ
ਲੰਗਰ ਰੱਜ ਕੇ ਖਾ ਆਏ ਹਾਂ
ਲਾਲੋ ਦਾ ਸੀ ਜਾਂ ਭਾਗੋ ਦਾ
ਅਸੀਂ ਤਾਂ ਸਭ ਛਕ ਛਕਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ

ਪੇਸ਼ਕਸ਼ ਪ੍ਰਕਾਸ਼ ਸ਼ਾਵਰਾਨਾ-ਇੰਦਰਜੀਤ ਐਸ ਦਾਰੋਚ

# ਨਵਾਂ ਜਨਮ



ਸ. ਬਲਬੀਰ ਸਿੰਘ ਸੇਖੋਂ ਪਮਾਲ

ਮੇਰੀ ਇਹ ਕਹਾਣੀ ਮਨ ਜਿੱਤ ਵੀਕਲੀ ਦੇ ਮੁੱਖ ਸੇਵਦਾਰ ਸ੍ਰ. ਕਰਮ ਸਿੰਘ 'ਕਰਮ' ਵੱਲੋਂ ਪੰਜਾਬੀ ਮਾਂ ਬੋਲੀ, ਪੰਜਾਬੀ ਸੱਭਿਆਚਾਰ, ਪੰਜਾਬੀ ਪ੍ਰੰਪਰਾਵਾਂ, ਸਿੱਖ ਇਤਿਹਾਸ, ਸਿੱਖ ਧਰਮ ਅਤੇ ਸਮੁੱਚੀ ਇਨਸਾਨੀਅਤ ਦੇ ਭਲੇ ਵਾਸਤੇ ਕੀਤੀ ਜਾ ਰਹੀ ਨਿਸ਼ਕਾਮ ਸੇਵਾ ਨੂੰ ਸਮਰਪਿਤ ਹੈ।

**'ਹਜ਼ਾਰੋਂ ਸਾਲ ਨਰਗਸ ਆਪਣੀ ਬੇਨੂਰੀ ਪੇ ਰੋਤੀ ਹੈ।**
**ਬੜੀ ਮੁਸ਼ਕਲ ਸੇ ਹੋਤਾ ਹੈ ਕੋਈ ਚਮਨ ਮੇਂ ਦੀਦਾਵਰ ਪੈਦਾ।'**
**- ਡਾਕਟਰ ਮੁਹੰਮਦ ਇਕਬਾਲ।**

ਮੈਨੂੰ ਜਾਪ ਰਿਹਾ ਏ ਕਿ ਡਾਕਟਰ ਇਕਬਾਲ ਨੇ ਆਪਣਾ ਇਹ ਯਾਦਗਾਰੀ ਸ਼ੇਅਰ ਸ੍ਰ. ਕਰਮ ਸਿੰਘ ਵਰਗੇ ਕਿਸੇ ਧਰਮੀਂ ਇਨਸਾਨ ਦੀ ਨਿਰਮਲਤਾ, ਕੋਮਲਤਾ, ਉਦਾਰਤਾ, ਖੁੱਲ੍ਹਦਿਲੀ, ਕੁਲੀਨਤਾ, ਮਿਹਨਤ ਅਤੇ ਕੁਰਬਾਨੀ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਹੋਵੇਗਾ।

**- ਬਲਬੀਰ ਸਿੰਘ ਸੇਖੋਂ ਪਮਾਲ**

**(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)**

ਮੇਰੀ 16 ਸਾਲਾਂ ਦੀ ਉਮਰ ਸੀ ਜਦ ਮੈਂ ਆਪਣੀ ਬੇਬੇ ਨਾਲ ਨੈਰੋਬੀ ਪਹੁੰਚਿਆ, ਜਿੱਥੇ ਮੇਰੇ ਪਿਤਾ ਜੀ ਸਰਕਾਰੀ ਨੌਕਰੀ ਕਰਦੇ ਸਨ। ਜਾਂਦਾ ਹੀ ਮੈਂ ਵੀ ਨੌਕਰੀ ਕਰਨ ਲੱਗ ਗਿਆ। ਪਿੱਛੇ ਪਿੰਡ'ਚ ਮੇਰੇ ਦਾਦਾ ਜੀ, ਦਾਦੀ ਜੀ, ਤਾਇਆ ਜੀ, ਉਨ੍ਹਾਂ ਦਾ ਪ੍ਰੀਵਾਰ ਅਤੇ ਮੇਰੀ ਭੂਆ ਜੀ ਸਨ। ਮੈਂ ਆਪਣੇ ਪਿਤਾ ਜੀ ਨਾਲ 15 ਸਾਲ ਨੈਰੋਬੀ ਰਿਹਾ। ਮੇਰੇ ਦੋ ਛੋਟੇ ਭਰਾ ਹੋ ਗਏ। ਜਦ ਨੈਰੋਬੀ ਵਿਖੇ ਮੇਰਾ ਵਿਆਹ ਹੋਇਆ ਉਸ ਸਮੇਂ ਮੇਰੀ ਉਮਰ 25 ਸਾਲਾਂ ਦੀ ਸੀ।ਨੈਰੋਬੀ ਰਹਿੰਦੇ ਮੇਰੇ ਪਿਤਾ ਜੀ ਨੇ ਕਾਫੀ ਰੁਪਏ ਇੰਡੀਆ ਭੇਜੇ ਸਨ ਜਿਸ ਨਾਲ ਮੇਰੇ ਦਾਦਾ ਜੀ ਨੇ 15 ਕਿੱਲੇ ਜ਼ਮੀਨ ਬਣਾ ਲਈ ਸੀ ਅਤੇ ਪਿੰਡ ਵਿੱਚ ਕਾਫੀ ਵੱਡਾ ਘਰ ਪਾ ਲਿਆ ਸੀ।

ਜਦ ਮੇਰੇ ਪਿਤਾ ਜੀ ਰਿਟਾਇਰ ਹੋ ਕੇ ਪਿੰਡ ਗਏ ਤਾਂ ਮੇਰੀ ਮਾਂ ਅਤੇ ਮੇਰੇ ਛੋਟੇ ਭਰਾ ਨਾਲ ਚਲੇ ਗਏ ਅਤੇ ਮੈਂ ਆਪਣੇ ਪ੍ਰੀਵਾਰ ਨਾਲ ਨੈਰੋਬੀ ਹੀ ਨੌਕਰੀ ਕਰਦਾ ਰਿਹਾ।

ਨੈਰੋਬੀ ਰਹਿੰਦੇ ਮੈਂ ਵੀ ਕਾਫੀ ਪੈਸਾ ਇੰਡੀਆ ਭੇਜਿਆ ਜਿਸ ਨਾਲ ਮੇਰੇ ਪਿਤਾ ਜੀ ਨੇ ਕੁੱਝ ਜ਼ਮੀਨ ਹੋਰ ਖਰੀਦ ਲਈ। ਇੱਕ ਪਲਾਟ ਲੁਧਿਆਣੇ ਗੁਰਦੇਵ ਨਗਰ ਵਿੱਚ ਲੈ ਕੇ ਉਥੇ ਘਰ ਬਣਾ ਲਿਆ। ਉਸ ਵਿੱਚ ਉਹ ਰਹਿਣ ਲੱਗ ਪਏ ਅਤੇ ਮੇਰੇ ਦੋਨੋਂ ਭਰਾ ਉਥੇ ਹੀ ਪੜ੍ਹਨ ਲੱਗ ਗਏ।

ਅਸੀਂ ਪਿੱਛੋਂ ਨੈਰੋਬੀ ਛੱਡਕੇ ਲੰਡਨ ਆ ਗਏ ਅਤੇ ਮੇਰੇ ਦੋਨੋਂ ਬੇਟੇ ਪੜ੍ਹ-ਲਿਖਕੇ ਕੰਮ ਕਰਨ ਲੱਗ ਪਏ ਅਤੇ ਪਿੱਛੋਂ ਵਿਆਹੇ ਗਏ।

ਮੇਰੀ ਬੀਵੀ ਮੈਨੂੰ ਵਾਰ-ਵਾਰ ਆਖਦੀ ਰਹੀ ਕਿ ਮੈਂ ਪਿਛਲੀ ਬਣੀ ਜਾਇਦਾਦ ਦਾ ਪਤਾ ਕਰਾਂ ਪਰ ਮੈਂ ਬੇਧਿਆਨਾ ਬਣਿਆ ਰਿਹਾ। ਕਾਹਤੇ ? ਇਸ 'ਕਾਹਤੇ' ਦਾ ਮੇਰੇ ਕੋਲ ਕੋਈ ਯੋਗ ਜਵਾਬ ਨਹੀਂ ਏ। ਜਦ ਮੇਰੇ ਪਿਤਾ ਜੀ ਅਤੇ ਮਾਤਾ ਜੀ ਦੀ ਇਕੱਠਿਆਂ ਦੀ ਇੱਕ ਸੜਕ ਹਾਦਸੇ ਵਿੱਚ ਅਚਾਨਕ ਮੌਤ ਹੋ ਗਈ ਤਾਂ ਮੈਂ ਭਾਰਤ ਗਿਆ ਪਰ ਛੁੱਟੀ ਥੋੜ੍ਹੀ ਹੋਣ ਕਰਕੇ ਜਲਦੀ ਵਾਪਿਸ ਮੁੜ ਆਇਆ।

ਕਾਫੀ ਸਮਾਂ ਹੋਰ ਗੁਜ਼ਰ ਗਿਆ ਮੈਂ ਭਾਰਤ ਨਾ ਜਾ ਸਕਿਆ ਜਾਂ ਸਮਝ ਲਓ ਨਹੀਂ ਗਿਆ। ਆਪਣੇ ਪ੍ਰੀਵਾਰ ਦੇ ਵਾਰ-ਵਾਰ ਕਹਿਣ ਦੇ ਬਾਵਜੂਦ ਮੈਂ ਆਪਣੇ ਭਰਾਵਾਂ ਨਾਲ ਸਾਂਝੀ ਜਾਇਦਾਦ ਦੀ ਗੱਲ ਨਾ ਕੀਤੀ। ਉਨ੍ਹਾਂ ਨੂੰ ਇਹ ਕੁੱਝ ਪਸੰਦ ਨਹੀਂ ਸੀ।

ਮੈਂ ਰਿਟਾਇਰ ਹੋ ਗਿਆ। ਹਰ ਰੋਜ਼ ਮੇਰਾ ਪ੍ਰੀਵਾਰ ਮੈਨੂੰ ਭਾਰਤ ਜਾਣ ਬਾਰੇ ਆਖਦਾ, ਲੜਾਈ ਵੀ ਹੁੰਦੀ ਪਰ ਮੈਂ ਟਾਲ-ਮਟੋਲ ਕਰਦਾ ਰਿਹਾ। ਕਈ ਵਰ੍ਹੇ ਹੋਰ ਇਸੇ ਤਰ੍ਹਾਂ ਲੰਘ ਗਏ।

ਅਖੀਰ ਜਬਰਦਸਤੀ ਘਰ ਦਿਆਂ ਨੇ ਮੈਨੂੰ ਆਪਣਾ ਹਿੱਸਾ ਲੈਣ ਵਾਸਤੇ ਇੰਡੀਆ ਭੇਜ ਦਿੱਤਾ।

ਮੇਰਾ ਇੱਕ ਭਰਾ ਪਿੰਡ ਰਹਿੰਦਾ ਹੈ ਅਤੇ ਇੱਕ ਦਿੱਲੀ। ਲੁਧਿਆਣੇ ਵਾਲੀ ਸਾਡੀ ਕੋਠੀ ਵਿਚ ਸਾਡੀ ਬ੍ਰਿਧ ਭੂਆ ਰਹਿੰਦੀ ਹੈ ਆਪਣੇ ਪਰਿਵਾਰ ਨਾਲ। ਮੈ ਸਿੱਧਾ ਪਿੰਡ ਚਲਿਆ ਗਿਆ। ਇੱਕ ਲੰਬੇ ਅਰਸੇ ਬਾਅਦ ਮੈਂ ਉਥੇ ਗਿਆ ਸੀ। ਮੇਰੇ ਬਚਪਨ ਦੇ ਮਿੱਤਰ ਬੇਲੀ ਵੀ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ। ਮੇਰੀ ਜ਼ਿੰਦਗੀ ਦੇ ਕੀਮਤੀ ਸਾਲ ਅੱਖ ਦੇ ਝਪਕੇ ਵਾਂਗ ਲੰਘ ਗਏ ਸਨ। ਮੈ ਪੈਸੇ ਦੇ ਮਗਰ ਕਦੀ ਨਹੀ ਦੋੜਿਆ। ਫਿਰ ਮੈ ਇੰਨੇ ਵਰ੍ਹੇ ਆਪਣੀ ਮਿੱਟੀ ਨੂੰ ਮਿਲਣ ਕਿਉਂ ਨਹੀਂ ਆਇਆ ? ਵਿਛੜ ਚੁੱਕਿਆਂ ਨੂੰ ਯਾਦ ਕਰ ਕਰ ਮੈਂ ਘਰ ਦੇ ਖੂੰਜਿਆਂ ਵਿਚ ਜਾ ਕੇ ਚੋਰੀ ਚੋਰੀ ਰੋ ਰਿਹਾ ਸੀ। ਪਤਾ ਨਹੀ ਆਪਣੀ ਬੇਬੇ ਦੇ ਸੰਦੂਕ ਤੇ ਮੱਥਾ ਰੱਖ ਕੇ ਮੈ ਕਿੰਨ੍ਹੀ ਵਾਰ ਧਾਹਾਂ ਮਾਰ ਮਾਰ ਰੋਇਆ ਸੀ। ਮੈ ਕਾਫੀ ਦੇਰ ਪਿੰਡ ਰਿਹਾ। ਮੇਰੇ ਭਰਾ ਅਤੇ ਉਸ ਦੇ ਪਰਿਵਾਰ ਨੇ ਮੇਰੀ ਬਹੁਤ ਹੀ ਸੇਵਾ ਕੀਤੀ। ਮੈਨੂੰ ਟਾਟਾ ਸੂਮੋ ਵਿਚ ਸਾਰੇ ਗੁਰੂਘਰਾਂ ਦੇ ਦਰਸ਼ਨ ਕਰਵਾਏ। ਅੰਮ੍ਰਿਤਸਰ ਸਾਹਿਬ ਅਤੇ ਅਨੰਦਪੁਰ ਸਾਹਿਬ ਅਸੀ ਦੋ ਦੋ ਰਾਤਾਂ ਠਹਿਰੇ ਵੀ। ਸਾਰਾ ਖਰਚਾ ਉਨ੍ਹਾਂ ਦਾ ਸੀ। ਮੈਥੋਂ ਇੱਕ ਪੈਸਾ ਵੀ ਨਹੀਂ ਲਿਆ ਉਨ੍ਹਾਂ ਨੇ। ਪਿੰਡ ਦੇ ਸਕੂਲ ਅਤੇ ਗੁਰਦੁਆਰੇ ਵਿਚ ਨਵੀਆਂ ਟੱਟੀਆਂ ਅਸਾਂ ਬਣਵਾ ਦਿੱਤੀਆਂ। ਜਿਸ ਤੇ ਤਕਰੀਬਨ 60 ਹਜ਼ਾਰ ਰੁਪਏ ਖਰਚ ਆਏ। ਉਹ ਰੁਪਏ ਮੇਰੇ ਭਰਾ ਨੇ ਮੱਲੋ ਮੱਲੀ ਦੇ ਦਿੱਤੇ ਉਨ੍ਹਾਂ ਨੂੰ ਮੈਂ ਬਥੇਰਾ ਆਖਿਆ ਪਰ ਉਸਨੇ ਮੈਨੂੰ ਸੁਣਿਆ ਨਹੀਂ।

ਅਖੀਰ ਜਦ ਘਰ ਦੀ ਸਾਂਝੀ ਜਾਇਦਾਦ ਦੀ ਗੱਲ ਤੁਰੀ, ਮੇਰੇ ਭਰਾ ਤੇ ਭਰਜਾਈ ਨੇ ਬੜੀ ਹੀ ਨਰਮੀ ਨਾਲ ਸਾਰਾ ਕੁੱਝ ਦਸ ਦਿੱਤਾ। ਜਿਹੜੀ 20 ਕਿੱਲ੍ਹੇ ਮੀਨ ਮੇਰੇ ਪਿਤਾ ਜੀ ਨੇ ਸਾਡੇ ਬਾਹਰ ਰਹਿੰਦੇ ਪਿੰਡ ਵਿਚ ਬਣਾਈ ਸੀ, ਉਹ ਮੇਰੇ ਦਾਦਾ ਜੀ ਦੇ ਨਾਮ ਸੀ । ਉਸ ਵਿਚੋਂ 10 ਮੇਰੇ ਤਾਇਆ ਜੀ ਲੈ ਗਏ, 10 ਕਿਲੇ ਮੇਰੇ ਬਾਪੂ ਜੀ ਦੇ ਹਿੱਸੇ ਰਹਿ ਗਏ। ਪੰਜ ਕਿਲ੍ਹੇ ਜਿਹੜੇ ਅਸੀਂ ਹੋਰ ਖਰੀਦੇ ਸਨ ਅਤੇ ਪੰਜ ਕਿਲ੍ਹੇ ਘਰ ਦੇ ਰਲਾ ਕੇ ਸਾਡੇ ਬਾਪੂ ਪਾਸ 20 ਕਿੱਲੇ ਮੀਨ ਸੀ। ਘਰ ਜਿਹੜਾ ਬਾਹਰਲੇ ਪੈਸੇ ਨਾਲ ਬਣਾਇਆ ਗਿਆ ਸੀ ਉਸ ਦਾ ਅੱਧਾ ਹਿੱਸਾ ਸਾਡੇ ਤਾਇਆ ਜੀ ਲੈ ਗਏ। ਅੱਧੇ ਵਿਚ ਮੇਰਾ ਭਰਾ ਅਤੇ ਉਸਦਾ ਪਰਿਵਾਰ ਰਹਿ ਰਿਹਾ ਹੈ।

ਇੱਕ ਦਿਨ ਸ਼ਾਮ ਨੂੰ ਮੇਰਾ ਭਰਾ ਕੁੱਕੜ ਲੈ ਆਇਆ ਅਤੇ ਵਲੈਤੀ ਸ਼ਰਾਬ। ਦੋਨੋਂ ਖਾ ਪੀ ਰਹੇ ਸੀ। ਦੋ ਪੈਗ ਅੰਦਰ ਜਾਣ ਨਾਲ ਮੇਰੇ ਵਿਚ ਹੌਸਲਾ ਆ ਗਿਆ। ਮੈ ਉਸ ਤੋ ਆਪਣੀ ਲੁਧਿਆਣੇ ਵਾਲੀ ਕੋਠੀ ਬਾਰੇ ਪਤਾ ਕੀਤਾ ਤਾਂ ਉਹ ਬੋਲਿਆ, ਵੱਡੇ ਵੀਰਾ, ਬਾਪੂ ਜੀ ਹੋਰੀ ਮਰਨ ਤੋਂ ਕੁਝ ਵਰ੍ਹੇ ਪਹਿਲਾਂ ਸਾਡੇ ਪਾਸ ਪਿੰਡ ਆ ਗਏ ਸਨ ਅਤੇ ਭੂਆ ਜੀ ਹੋਰੀ ਕੋਠੀ ਵਿਚ ਚਲੇ ਗਏ ਸਨ। ਬਾਪੂ ਜੀ ਹੋਰਾਂ ਨੇ ਕਦੀ ਵੀ ਸਾਡੇ ਨਾਲ ਕੋਠੀ ਦੀ ਗੱਲ ਨਹੀ ਸੀ ਕੀਤੀ ਪਰ ਬੇਬੇ ਜੀ ਕਈ ਵਾਰੀ ਬਾਪੂ ਜੀ ਨਾਲ ਲੜਦੇ ਹੁੰਦੇ ਸੀ ਕਿ ਇਸ ਕੋਠੀ ਦਾ ਫੈਸਲਾ ਕਰ ਦੇਣ ਕਿਉਕਿ ਇਹ ਕਰਤਾਰ ਸਿੰਘ ਦੀ ਹੈ। ਅਚਾਨਕ ਦੋਨਾਂ ਦੀ ਮੌਤ ਹੋ ਗਈ[ ਮੇਰੇ ਭਰਾ ਨੂੰ ਨਹੀ ਸੀ ਪਤਾ ਕਿ ਉਹ ਪਲਾਟ ਮੇਰੇ ਪੈਸੇ ਨਾਲ ਖਰੀਦਿਆ ਹੋਇਆ ਸੀ। ਜਿਸ ਦੀ ਮੇਰੇ ਨਾਮ ਇੰਤਕਾਲ ਹੋਈ ਰਜਿਸਟਰੀ ਮੇਰੇ ਪਾਸ ਸੀ।

(ਚਲਦਾ)

# || ਇਨਸਾਨ ||
# ਆਧਾਰ ਕਬੀਰ ਬਾਣੀ



ਗੁਰਮੀਤ ਸਿੰਘ ਭੋਗਲ

ਦੋ ਜਹਾਨਾਂ ਵਿੱਚਕਾਰ ਫਰਕ ਕੇਵਲ ਇੱਕ ਸਾਹ ਦਾ ਹੈ, ਚੱਲ ਰਿਹਾ ਹੈ ਤਾਂ ਇਸ ਜਹਾਨ ਵਿੱਚ ਤੇ ਜੇ ਰੁੱਕ ਗਿਆ ਤਾਂ ਉਸ ਜਹਾਨ ਵਿੱਚ।

ਇਨਸਾਨ ਵੀ ਕਿੰਨਾਂ ਅਜੀਬ ਹੈ!

ਅਰਦਾਸ ਕਰਨ ਵੇਲੇ ਸਮਝਦਾ ਕਿ ਪ੍ਰਭੂ ਸਭ ਸੁਣ ਰਿਹਾ ਹੈ, ਪਰ ਨਿੰਦਿਆ ਕਰਨ ਵੇਲੇ ਇਹ ਭੁੱਲ ਜਾਂਦਾ ਹੈ।

ਪੁੰਨ ਕਰਨ ਵੇਲੇ ਸਮਝਦਾ ਹੈ ਕਿ ਭਗਵਾਨ ਸਭ ਦੇਖ ਰਿਹਾ ਹੈ, ਪਰ ਪਾਪ ਕਰਨ ਵੇਲੇ ਇਹ ਭੁੱਲ ਜਾਂਦਾ ਹੈ।

ਦਾਨ ਦੇਣ ਲੱਗਿਆਂ ਸਮਝਦਾ ਹੈ ਕਿ ਰੱਬ ਸਭ ਵਿੱਚ ਵਸਦਾ ਹੈ, ਪਰ ਚੋਰੀ ਕਰਨ ਦੇ ਵਕਤ ਇਹ ਭੁੱਲ ਜਾਂਦਾ ਹੈ।

ਪ੍ਰੇਮ ਕਰਨ ਸਮੇਂ ਸਮਝਦਾ ਹੈ ਕਿ ਸਾਰੇ ਸੰਸਾਰ ਦੀ ਰੱਚਨਾ ਈਸ਼ਵਰ ਨੇ ਕੀਤੀ ਹੈ, ਪਰ ਨਫਰਤ ਕਰਨ ਵੇਲੇ ਇਹ ਸਭ ਭੁੱਲ ਜਾਂਦਾ ਹੈ। ਫੇਰ ਵੀ ਇਨਸਾਨ ਆਪਣੇ ਆਪ ਨੂੰ ਬੁੱਧੀਮਾਨ ਸਮਝਦਾ ਹੈ!

ਕਿਤੇ ਨਾ ਕਿਤੇ ਇਨਸਾਨ ਨੂੰ ਆਪਣੇ ਕਰਮਾਂ ਦਾ ਭੈ ਜ਼ਰੂਰ ਲੱਗਦਾ ਹੈ। ਨਹੀਂ ਤਾਂ ਗੰਗਾ ਕੰਢੇ ਜਾਂ ਹੋਰ ਅੰਮ੍ਰਿਤ ਸਰੋਵਰਾਂ, ਧਰਮ ਸਥਾਨਾਂ ਤੇ ਇੰਨੀ ਭੀੜ ਕਦੇ ਨਾ ਹੁੰਦੀ।

ਜੋ ਇਨਸਾਨ ਕਰਮਾਂ ਨੂੰ ਸਮਝਦਾ ਹੈ ਉਸ ਨੂੰ ਧਰਮ ਦੇ ਸਮਝਣ ਦੀ ਲੋੜ ਨਹੀਂ। ਪਾਪ ਸ੍ਰੀਰ ਨਹੀਂ ਕਰਦਾ ਵਿੱਚਾਰ ਕਰਦੇ ਹਨ। ਗੰਗਾ ਜਾਂ ਕੋਈ ਹੋਰ ਅੰਮ੍ਰਿਤ ਸਰੋਵਰ ਵਿੱਚਾਰਾਂ ਨੂੰ ਨਹੀਂ ਕੇਵਲ ਤਨ ਹੀ ਧੋਂਦੇ ਹਨ, ਮਨ ਨੂੰ ਨਹੀਂ।

ਤਨ ਜਿੰਨਾ ਵੀ ਹਰਕਤ ਵਿੱਚ ਰਹੇ ਓਨਾਂ ਹੀ ਸਿਹਤਮੰਦ ਤੇ ਤੰਦਰੁਸਤ ਰਹਿੰਦਾ ਹੈ। ਮਨ ਜਿੰਨਾ ਵੀ ਟਿਕਆਓ ਤੇ ਸ਼ਾਂਤੀ ਵਿੱਚ ਰਹੇ ਓਨਾਂ ਹੀ ਸਵੱਸਥ ਰਹਿੰਦਾ ਹੈ।

ਚੌਰਾਹੇ ਤੇ ਖੜੀਆਂ ਨੇਕੀ ਤੇ ਬਦੀ ਦੋਨੋ ਇੰਤਜ਼ਾਰ ਕਰਦੀਆਂ ਹਨ। ਕਰਮ ਚੰਗੇ ਹੋਣ ਤਾਂ ਨੇਕੀ ਗਲੇ ਲਾ ਲਏਗੀ। ਨਹੀਂ ਤਾਂ ਬਦੀ ਦੇ ਹਵਾਲੇ ਹੋ ਜਾਉਗੇ।

ਜਿਸ ਦਿਨ ਆਪਣੇ ਹਾਸੇ ਦੇ ਆਪ ਖ਼ੁਦ ਮਾਲਕ ਬਣ ਜਾਉਗੇ ਉਸ ਦਿਨ ਤੋਂ ਬਾਅਦ ਤੁਹਾਨੂੰ ਹੋਰ ਕੋਈ ਰੋਆ ਨਹੀਂ ਸਕੇਗਾ।

ਜੇ ਚਾਹੁੰਦੇ ਹੋ ਕਿ ਭਗਵਾਨ ਮਿਲੇ ਤਾਂ ਕਰਮ ਐਸਾ ਕਰੋ ਜਿਸ ਨਾਲ ਦੁਆ ਮਿਲੇ।

ਹੇ ਦਾਤਾ! ਕਿਵੇਂ ਕਰਾਂ ਸ਼ੁਕਰਾਨਾ ਤੇਰੀਆਂ ਦਾਤਾਂ, ਤੇਰੀਆਂ ਰਹਿਮਤਾਂ ਦਾ! ਮੈਨੂੰ ਮੰਗਣ ਦਾ ਕੋਈ ਸਲੀਕਾ ਨਹੀਂ ਤੇ ਨਾਹੀਂ ਕੋਈ ਚੱਜ ਹੈ, ਪਰ ਤੂੰ ਦੇਣ ਦੀ ਹਰ ਅਦਾ ਜਾਣਦਾ ਹੈਂ।

ਇਸ ਪੂਰੀ ਕਾਇਨਾਤ ਵਿੱਚ ਮੇਰੇ ਨਿੱਕੇ ਜਿਹੇ ਜ਼ੱਰਰੇ ਭਰ ਵਜੂਦ ਦਾ ਕੋਈ ਤਾਂ ਅਰਥ ਜ਼ਰੂਰ ਹੋਵੇਗਾ ? ਕਿਉਂਕਿ ਮੇਰਾ ਰਚਨੇਤਾ ਕੋਈ ਵੀ ਚੀਜ਼ ਬੇਕਾਰ ਨਹੀਂ ਰਚਦਾ।

ਪ੍ਰੇਮ ਚਾਹੀਦਾ ਹੋਵੇ ਤਾਂ ਸਮਰਪਣ ਕਰਨਾ ਪੈਂਦਾ ਹੈ।

ਵਿਸ਼ਵਾਸ਼ ਕਰਨਾ ਹੋਵੇ ਤਾਂ ਸ਼ਰਦਾ ਪੈਦਾ ਕਰਨੀ ਹੋਵੇਗੀ।

ਸਾਥ ਚਾਹੀਦਾ ਹੋਵੇ ਤਾਂ ਵਕਤ ਖਰਚ ਕਰਨਾ ਪੈਂਦਾ ਹੈ।

ਕੌਣ ਕਹਿੰਦਾ ਹੈ ਕਿ ਰਿਸ਼ਤੇ ਮੁਫ਼ਤ ਵਿੱਚ ਮਿਲਦੇ ਹਨ। ਮੁਫ਼ਤ ਵਿੱਚ ਤਾਂ ਹਵਾ ਵੀ ਨਹੀਂ ਮਿਲਦੀ। ਇੱਕ ਸਾਹ ਵੀ ਉਦ ਆਉਂਦਾ ਹੈ ਜਦ ਪਹਿਲਾਂ ਇੱਕ ਸਾਹ ਛੱਡਿਆ ਜਾਂਦਾ ਹੈ।

ਵਿਧਾਤਾ ਦੀ ਸਾਜੀ ਹੋਈ ਇਹ ਸ੍ਰਿਸ਼ਟੀ ਬਹੁਮੁੱਲੇ ਖ਼ਜ਼ਾਨਿਆਂ ਨਾਲ ਭਰੀ ਪਈ ਹੈ, ਪਰ ਚੌਕੀਦਾਰ ਇੱਥੇ ਕੋਈ ਵੀ ਨਹੀਂ!

ਵਿਵੱਸਥਾ ਇਨ੍ਹੀਂ ਸੁੰਦਰ ਅਦਭੁੱਤ ਹੈ ਕਿ ਸੰਸਾਰ ਵਿੱਚ ਅਰਬਾਂ ਇਨਸਾਨਾਂ ਦਾ ਆਣ ਜਾਣ ਹਰ ਸਾਲ ਲੱਗਾ ਰਹਿੰਦਾ ਹੈ। ਪਰ ਇੱਥੋਂ ਕੋਈ ਤਿਲ ਮਾਤ੍ਰ ਵੀ ਲੈ ਕੇ ਨਹੀਂ ਜਾ ਸਕਦਾ।


ਭਗਵਾਨ ਜੀ ਕਹਿੰਦੇ ਨੇ ਜਿੰਨੀ ਵਾਰ ਵੀ ਤੁਸੀਂ ਗਿਰੋਗੇ ਤੁਹਾਨੂੰ ਹਰ ਵਾਰ ਸੰਭਾਲ ਲਵਾਂਗਾ ਪਰ ਮੇਰੀ ਗੁਜ਼ਾਰਿਸ਼ ਕੇਵਲ ਇੱਕ ਹੀ ਹੈ, ਕਦੇ ਵੀ ਮੇਰੀ ਨਜ਼ਰਾਂ ਤੋਂ ਮਤ ਗਿਰਨਾ।

ਖਿਲ ਸਕੋ ਤਾਂ ਫੁੱਲ ਵਾਂਗ ਖਿਲਨਾ।
ਜਲ ਸਕੋ ਤਾਂ ਦੀਵੇ ਵਾਂਗ ਜਲਨਾ।
ਘੁਲ ਸਕੋ ਤਾਂ ਦੁੱਧ ਵਿੱਚ ਪਾਣੀ ਵਾਂਗ ਘੁਲਣਾ।
ਅਜਿਹੀ ਜੀਵਨ ਨੀਅਤ ਹੋਵੇ,
ਗੀਤ ਹੋਵੇ, ਪ੍ਰੀਤ ਹੋਵੇ।
ਸਭ ਦਾ ਖਿਆਲ ਰੱਖਣਾ,
ਪਰ ਆਪਣਾ ਵੀ ਖਿਆਲ ਰੱਖਣਾ।
ਹਮੇਸ਼ਾ ਮੁਸਕ੍ਰਾਂਦੇ ਰਹਿਣਾ।
ਕਦੇ ਆਪਣੇ ਲਈ,
ਤੇ ਕਦੇ ਆਪਣਿਆਂ ਲਈ॥

ਸੁਪ੍ਰੇਮ ਧੰਨਵਾਦ॥

# ਚਾਨਣ-ਮੁਨਾਰਾ ( Light House )

ਮਮਤਾ, ਲੋਭ, ਮੋਹ, ਹੰਕਾਰ ਆਦਿ, ਗੁਰੂ ਸਹਿਬਾਨਾਂ ਦਾ 'ਧੁਰ ਕੀ ਬਾਣੀ' ਵਿੱਚ ਬਾਰ-ਬਾਰ ਇਹੋ ਸੰਦੇਸ਼ ਹੈ ਕਿ ਜੇ ਆਤਮਿਕ ਸ਼ਾਂਤੀ ਚਾਹੀਦੀ ਹੈ, ਮੁਕਤੀ ਚਾਹੀਦੀ ਹੈ ਤਾਂ ਜੰਗਲਾਂ ਵਿੱਚ ਜਾਣ ਦੀ ਜ਼ਰੂਰਤ ਨਹੀਂ, ਘਰ ਬੈਠਿਆਂ ਹੀ ਸਭ ਕੁੱਝ ਪ੍ਰਾਪਤ ਹੋ ਸਕਦਾ ਹੈ ਪਰ ਸ਼ਰਤ ਇਹ ਹੈ ਕਿ ਉਨ੍ਹਾਂ ਦੇ ਦੱਸੇ ਹੋਏ ਰਸਤੇ ਤੇ ਚੱਲਣਾ ਪਵੇਗਾ।ਅਸੀਂ ਬੜੇ ਮਾਣ ਨਾਲ ਕਹਿੰਦੇ ਫਿਰਦੇ ਹਾਂ ਕਿ ਅਸੀਂ ਗੁਰੂ ਵਾਲੇ ਹੋ ਗਏ ਹਾਂ ਪਰ ਇੱਥੇ ਇੱਕ ਘੁੰਡੀ ਹੈ ਕਿ ਗੁਰੂ ਵਾਲੇ ਹੋ ਗਏ ਹਾਂ ਕਿ ਗੁਰੂ ਦੇ ਹੋ ਗਏ ਹਾਂ। ਇਹਨਾਂ ਦੋਹਾਂ ਗੱਲਾਂ ਵਿੱਚ ਜ਼ਮੀਨ-ਅਸਮਾਨ ਦਾ ਫਰਕ ਹੈ। ਜਿੰਨ੍ਹਾਂ ਚਿਰ ਅਸੀਂ ਗੁਰੂ ਦੇ ਨਹੀਂ ਹੁੰਦੇ, ਅਸੀਂ ਜਿੰਨ੍ਹਾਂ ਮਰਜ਼ੀ ਪਾਠ ਕਰੀਏ, ਲੰਗਰ ਕਰਵਾਈਏ, ਕੁੱਝ ਪ੍ਰਾਪਤ ਨਹੀਂ ਹੋਣਾ। ਲੰਗਰ ਤੋਂ ਇੱਕ ਗੱਲ ਯਾਦ ਆਈ ਕਿ ਲੰਗਰ ਅਸੀਂ ਭੁੱਖਿਆਂ ਲਈ ਕਰਵਾਉਂਦੇ ਹਾਂ ਯਾ ਰੱਜਿਆਂ ਹੋਇਆਂ ਵਾਸਤੇ। ਸਵਾਮੀ ਸਾਡੇ ਨਾਲ-ਨਾਲ ਰਹਿੰਦਾ ਹੈ ਪਰ ਸਾਡੇ ਕੋਲ ਉਸਨੂੰ ਦੇਖਣ ਵਾਲੀ ਅੱਖ ਨਹੀਂ ਹੈ। ਇਹ 'ਜਿਸਮਾਨੀ ਸਵਾਮੀ' ਨਹੀਂ, ਇੱਕ ਮਹਿਕ ਹੈ, ਇੱਕ ਰੌਸ਼ਨੀ ਹੈ, ਇੱਕ ਅਨੁਭਵ ਹੈ। ਉਹ ਫੁੱਲਾਂ, ਪੱਤੀਆਂ ਵਿੱਚ, ਰੇਤ ਦੇ ਇੱਕ ਛੋਟੇ ਤੋਂ ਛੋਟੇ ਕਿਣਕੇ ਵਿੱਚ, ਮੀਂਹ ਦੀ ਇੱਕ ਬੂੰਦ ਵਿੱਚ, ਪਹਾੜਾਂ, ਦਰਿਆਵਾਂ ਵਿੱਚ, ਖੁੱਲ੍ਹੇ ਅਸਮਾਨ ਵਿੱਚ, ਉੜ ਰਹੇ ਪੰਛੀਆਂ ਵਿੱਚ, ਜਿਸਮਾਨੀ ਕਲਬੂਤ ਦੇ ਸਾਹ ਵਿੱਚ, ਉਹ ਕਿੱਥੇ-ਕਿੱਥੇ ਨਹੀਂ, ਉਹ ਨੂਰ ਹੈ, ਹਰ ਥਾਂ ਤੇ ਦਿਖਾਈ ਦਿੰਦਾ ਹੈ। ਫੁੱਲ ਦੀ ਸ਼ਕਲ ਹੈ ਪਰ ਮਹਿਕ ਦੀ ਕੋਈ ਸ਼ਕਲ ਨਹੀਂ, ਉਸਨੂੰ ਸਿਰਫ ਮਹਿਸੂਸ ਕੀਤਾ ਜਾ ਸਕਦਾ ਹੈ।ਜਿਹੜਾ ਖੁਸ਼ੀ, ਗ਼ਮੀਂ, ਪੀੜ, ਲਾਲਚ, ਸੰਸਾਰੀ ਮੋਹ, ਮਾਇਆ, ਹੰਕਾਰ ਤੋਂ ਰਹਿਤ, ਗੁਰੂ ਵਾਲਾ ਨਹੀਂ ਸਗੋਂ ਗੁਰੂ ਦਾ ਹੋ ਗਿਆ ਹੈ। ਉਹ ਸੁਆਮੀ ਹੀ ਤਾਂ ਹੈ। ਕ੍ਰੋੜਾਂ ਵਿੱਚੋਂ ਇੱਕ ਮਿਲੇਗਾ। ਜਿਹੜਾ ਕਿਸੇ ਦੀ ਬੁਰਾਈ ਨਹੀਂ ਕਰਦਾ, ਵਡਿਆਈ ਅਤੇ ਬਦਖੋਈ ਤੋਂ ਉਪਰ ਹੈ। ਜਿਸ ਵਾਸਤੇ ਸੋਨਾ ਅਤੇ ਲੋਹਾ ਇੱਕ ਸਮਾਨ ਹਨ, ਉਸਨੂੰ ਮੋਖਸ਼ ਹੋਇਆ ਸਮਝ।ਪੈਰ-ਪੈਰ ਤੇ ਸਾਡੀ ਪ੍ਰੀਖਿਆ ਹੁੰਦੀ ਹੈ ਪਰ ਪਾਸ ਕੋਈ ਵਿਰਲਾ ਹੀ ਹੁੰਦਾ ਹੈ। ਸਾਰੇ 'ਜਿਸਮਾਨੀ ਗੁਰੂ' ਦੀ ਲਪੇਟ ਵਿੱਚ ਆਏ ਹੋਏ ਹਨ। 'ਅਵਲ ਨਾਮ ਧਿਆਵਾਂ ਉਸਦਾ, ਜਿਨ ਇਹ ਜਗਤ ਉਪਾਇਆ।
ਬਿਨ ਤਦਬੀਰ, ਮਸਾਲੇ, ਮਿਹਨਤ, ਬਿਨ ਹਥਿਆਰ ਬਨਾਇਆ।



ਥੱਮਾਂ, ਮੇਖ, ਜ਼ੰਜ਼ੀਰਾਂ ਬਾਝੋਂ, ਧਰਤ ਅਕਾਸ਼ ਟਿਕਾਇਆ।
'ਹਾਸ਼ਮ' ਵੇਖ ਅਜਿਹਾ ਸਾਹਿਬ ਤੀ, ਕਿਸ ਹੋਸ਼ ਭੁਲਾਇਆ।'

ਇਹ ਉਹ ਸਾਹਿਬ ਹੈ ਜਿਹੜਾ ਹਰ ਥਾਂ ਮੌਜੂਦ ਹੈ ਪਰ ਦਿਖਾਈ ਕਿਸੇ ਵਿਰਲੇ ਨੂੰ ਦਿੰਦਾ ਹੈ। ਗੁਰੂ ਜੀ ਸਾਨੂੰ ਕਸੌਟੀ ਤੇ ਪਰਖਦੇ ਹਨ। ਸਾਡੇ ਅੱਗੇ ਇੱਕ ਟੀਚਾ, ਨਿਸ਼ਾਨਾ ਹੈ। ਪਾਠ-ਪੂਜਾ ਦਾ ਦਿਖਾਵਾ ਨਾ ਕਰੋ। ਨਾਮ ਨੂੰ ਹਿਰਦੇ ਵਿੱਚ ਵਸਾਉਣਾ ਹੈ। ਇਹ ਕਸੌਟੀ ਸਾਨੂੰ ਉਚੀ ਅਵਸਥਾ ਵੱਲ ਲੈ ਕੇ ਜਾਂਦੀ ਹੈ। ਖੁਸ਼ੀ, ਗ਼ਮੀਂ, ਦੁਸ਼ਮਣ, ਮਿੱਤਰ ਜਿਸ ਲਈ ਇੱਕ ਹਨ, ਜਿਹੜਾ ਕਿਸੇ ਨੂੰ ਡਰਾਉਂਦਾ ਨਹੀਂ ਅਤੇ ਨਾ ਹੀ ਆਪ ਕਿਸੇ ਕੋਲੋਂ ਡਰਦਾ ਹੈ। ਉਹ ਬ੍ਰਹਮ-ਬੇਤਾ ਅਖਵਾਉਂਦਾ ਹੈ। ਚੰਗੀ ਪ੍ਰਾਲਭਧ ਕਦੋਂ ਪ੍ਰਾਪਤ ਹੁੰਦੀ ਹੈ ? ਇਹ ਅਵਸਥਾ ਉਸ ਵੇਲੇ ਆਉਂਦੀ ਹੈ ਜਦੋਂ ਅਸੀਂ ਸਾਰੇ ਪਾਪ ਛੱਡਕੇ ਉਪਰਾਮਤਾ ਦੀ ਪੁਸ਼ਾਕ ਪਾ ਲੈਂਦੇ ਹਾਂ। ਚੰਗੀ ਪ੍ਰਾਲਬਧ ਉਸ ਪ੍ਰਾਣੀ ਦੇ ਮਸਤਕ ਤੇ ਲਿਖੀ ਹੋਈ ਹੁੰਦੀ ਹੈ। ਹਿਰਦੇ ਅੰਦਰ ਪ੍ਰਭੂ ਉਸ ਵੇਲੇ ਵੱਸਦਾ ਹੈ ਜਦੋਂ ਧੱਨ-ਦੌਲਤ ਅਤੇ ਸੰਸਾਰੀ ਮੋਹ ਨੂੰ ਤਿਆਗ ਦਿੱਤਾ ਜਾਂਦਾ ਹੈ ਅਤੇ ਹਰ ਵਸਤੂ ਤੋਂ ਉਪਰਾਮ ਹੋ ਜਾਂਦਾ ਹੈ।

ਸਿਰਜਣਹਾਰ ਸੁਆਮੀ ਨੂੰ ਇੰਨ੍ਹਾਂ ਗੱਲਾਂ ਤੋਂ ਛੁਟਕਾਰਾ ਪਾ ਕੇ ਹੀ ਅਨੁਭਵ ਕੀਤਾ ਜਾ ਸਕਦਾ ਹੈ। ਇਹ ਗੱਲ ਨੂੰ ਥੋੜ੍ਹਾ ਜਿਹਾ ਹੋਰ ਸਰਲ ਕਰਨ ਦੀ ਖਾਤਰ ਕਿਹਾ ਜਾ ਸਕਦਾ ਹੈ ਕਿ ਜਿੰਨ੍ਹਾਂ ਚਿਰ ਤੁਸੀਂ ਹੰਕਾਰ ਨਹੀਂ ਛੱਡਦੇ, ਤੁਸੀਂ ਰੱਬ ਦੀ ਪ੍ਰਾਪਤੀ ਨਹੀਂ ਕਰ ਸਕਦੇ।ਕਲਜੁਗ ਵਿੱਚ ਕਿਸਦਾ ਜੀਣਾ ਸਫਲ ਹੈ ? ਵਾਹਿਗੁਰੂ ਦਾ ਨਾਮ ਜਪਣ ਵਾਲੇ ਬਹੁਤੇ ਡਰ ਅਤੇ ਖੋਟੀ ਅਕਲ ਤੋਂ ਦੂਰ ਹੁੰਦੇ ਹਨ। ਦਿਨ-ਰਾਤ ਜੋ ਨਾਮ ਦਾ ਉਚਾਰਨ ਕਰਕੇ ਪ੍ਰਮਾਤਮਾਂ ਦੀ ਸਿਫਤ ਕਰਦੇ ਹਨ, ਉਹਨਾਂ ਦੇ ਕਾਰਜ ਸਫਲ ਹੁੰਦੇ ਹਨ। ਗੁਰੂ ਜੀ ਦਾ ਫੁਰਮਾਨ ਹੈ ਕਿ ਅੱਪਣੀ ਰਸਨਾ ਨਾਲ ਤੂੰ ਪ੍ਰਭੂ ਦਾ ਜੱਸ ਉਚਾਰਨ ਕਰ ਅਤੇ ਅੱਪਣੇ ਕੰਨਾਂ ਨਾਲ ਵਾਹਿਗੁਰੂ ਦਾ ਨਾਮ ਸੁਣ। ਸੰਸਾਰ ਇੱਕ ਸੁਫਨਾ ਹੈ, ਇੱਕ ਤਮਾਸ਼ਾ ਹੈ, ਜੋ ਸਦਾ ਰਹਿਣ ਵਾਲਾ ਨਹੀਂ ਹੈ। ਫਾਨੀ ਬੰਦਾ ਦਿਨ-ਰਾਤ ਇੰਨ੍ਹਾਂ ਚੀਜਾਂ ਦੇ ਇਰਦ-ਗਿਰਦ ਘੁੰਮਦਾ ਰਹਿੰਦਾ ਹੈ ਅਤੇ ਅਸਲ ਵਸਤੂ ਤੋਂ ਦੂਰ ਹੁੰਦਾ ਜਾ ਰਿਹਾ ਹੈ।

ਪੇਸ਼ਕਸ਼ - ਆਨੰਦ।

# ਤਿੰਨ ਮਹੀਨੇ ਪਹਿਲਾਂ ਕੈਨੇਡਾ ਆਏ ਨੌਜਵਾਨ ਦੀ ਮੌਤ

ਰਈਆ: ਅਜੇ ਤਿੰਨ ਮਹੀਨੇ ਪਹਿਲਾਂ ਕੈਨੇਡਾ ਗਏ ਰਈਆ ਦੇ ਨੌਜਵਾਨ ਦੀ ਹਾਰਟ ਅਟੈਕ ਨਾਲ ਮੌਤ ਹੋਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਮਿਲੀ ਜਾਣਕਾਰੀ ਅਨੁਸਾਰ ਮਨਿੰਦਰਪਾਲ ਸਿੰਘ ਪੁੱਤਰ ਮਨਜੀਤ ਸਿੰਘ ਵਾਸੀ ਫ਼ੇਰੂਮਾਨ ਰੋਡ ਰਈਆ ਜੋ ਪੜ੍ਹਾਈ ਦੇ ਵੀਜ਼ੇ 'ਤੇ ਕੈਨੇਡਾ ਗਿਆ ਸੀ, ਪਰ ਜ਼ਾਲਮ ਮੌਤ ਨੇ ਉਥੇ ਵੀ ਉਸ ਦਾ ਪਿੱਛਾ ਨਹੀਂ ਛੱਡਿਆ। ਜਿਸ ਦੀ ਦਿਲ ਦਾ ਦੌਰਾ ਪੈਣ ਕਾਰਣ ਅਚਾਨਕ ਮੌਤ ਹੋ ਗਈ।

ਮ੍ਰਿਤਕ ਨੌਜਵਾਨ ਆਪਣੇ ਪਿੱਛੇ ਦੋ ਛੋਟੇ ਬੱਚੇ ਅਤੇ ਪਤਨੀ ਛੱਡ ਗਿਆ ਹੈ। ਇੱਥੇ ਵਰਨਣਯੋਗ ਹੈ ਕਿ ਕੁਝ ਮਹੀਨੇ ਪਹਿਲਾਂ ਮ੍ਰਿਤਕ ਦੇ ਪਿਤਾ ਮਨਜੀਤ ਸਿੰਘ ਵੀ ਕੈਂਸਰ ਨਾਲ ਕਈ ਸਾਲ ਜੂਝਣ ਤੋਂ ਬਾਅਦ ਚੱਲ ਵੱਸਿਆ ਸੀ।

# ਮੇਰੀ ਕਹਾਣੀ



ਕਿਸ਼ਤ 250

ਗੁਰਮੇਲ ਸਿੰਘ ਭੰਵਰਾ

ਕੋਚ ਦਾ ਗਾਈਡ ਸਾਨੂੰ ਕੌਰਕ ਟ੍ਰੀ ਦੀ ਛਿੱਲ ਵਾਰੇ ਦੱਸ ਰਿਹਾ ਸੀ। ਉਸ ਨੇ ਦੱਸਿਆ ਕਿ ਕੌਰਕ ਟ੍ਰੀ ਦੇ ਦਰੱਖਤਾਂ ਦੀ ਛਿੱਲ ਲਾਹੁਣ ਵਾਲੇ, ਕਾਰੀਗਰ ਕਾਮੇ ਹੁੰਦੇ ਹਨ। ਇਹ ਪਹਿਲਾਂ ਕੁਲਹਾੜੀ ਨਾਲ ਦਰੱਖਤ ਦੇ ਥੱਲੇ ਤੋਂ ਸ਼ੁਰੂ ਕਰਦੇ ਹਨ, ਆਲ੍ਹੇ ਦੁਆਲ੍ਹੇ ਡੂੰਘਾ ਟੱਕ ਲਾ ਦਿੰਦੇ ਹਨ, ਫਿਰ ਉੱਪਰ ਕੁਛ ਫੁੱਟ ਦੀ ਦੂਰੀ ਤੇ ਇੱਕ ਹੋਰ ਟੱਕ ਲਾ ਦਿੰਦੇ ਹਨ, ਫਿਰ ਸਾਈਡ ਤੋਂ ਹੋਰ ਟੱਕ ਲਾ ਕੇ ਇਸ ਦਰਖਤ ਦੀ ਛਿੱਲ ਨੂੰ ਉਧੇੜਨਾਂ ਸ਼ੁਰੂ ਕਰਦੇ ਹਨ, ਇਸ ਤਰਾਂ ਪੂਰੀ ਦੀ ਪੂਰੀ ਛਿੱਲ ਲੱਥ ਜਾਂਦੀ ਹੈ। ਇਸੇ ਤਰਾਂ ਉਪਰ ਉਪਰ ਨੂੰ ਵਧਦੇ ਜਾਂਦੇ ਹਨ। ਇਹਨਾਂ ਛਿਲਕਿਆਂ ਦੇ ਢੇਰ ਲੱਗ ਜਾਂਦੇ ਹਨ ਅਤੇ ਇਹਨਾਂ ਨੂੰ ਟਰੱਕਾਂ ਵਿਚ ਲੱਦ ਕੇ ਫੈਕਟਰੀ ਨੂੰ ਲੈ ਜਾਇਆ ਜਾਂਦਾ ਹੈ। ਇਹਨਾਂ ਫੈਕਟਰੀਆਂ ਵਿਚ ਬਹੁਤ ਕਾਰੀਗਰ ਕੰਮ ਕਰਦੇ ਹਨ। ਕੁਛ ਦੇਰ ਬਾਅਦ ਅਸੀਂ ਇਹਨਾਂ ਦਰੱਖਤਾਂ ਵਲ ਜਾਵਾਂਗੇ ਅਤੇ ਇੱਕ ਫੈਕਟਰੀ ਵਿਚ ਇਸ ਛਿੱਲ ਤੋਂ ਬਣਦੀਆਂ ਚੀਜਾਂ ਦੇਖਾਂਗੇ।

ਸਾਨੂੰ ਇਹ ਗੱਲਾਂ ਦੱਸਕੇ ਗਾਈਡ ਆਪਣੇ ਦੋਸਤ ਡਰਾਈਵਰ ਨਾਲ ਗੱਲਾਂ ਕਰਨ ਲੱਗਾ। ਮੈਂ ਸੋਚਣ ਲੱਗਾ ਕਿ ਮੇਰੀ ਸਾਰੀ ਉਮਰ ਹੋ ਗਈ ਪਰ ਇਸ ਕੌਰਕ ਵਾਰੇ ਦਿਮਾਗ ਵਿਚ ਕਦੇ ਆਇਆ ਹੀ ਨਹੀਂ ਸੀ ਕਿ ਇਹ ਕਾਹਦੇ ਬਣਦੇ ਹਨ। ਸਾਰੇ ਯਾਤਰੀ ਆਪਸ ਵਿਚ ਗੱਲਾਂ ਮਾਰ ਰਹੇ ਸਨ ਅਤੇ ਉਹ ਡਿਸੇਬਲ ਬਜ਼ੁਰਗ ਔਰਤ ਉੱਚੀ ਉੱਚੀ ਬੋਲਦੀ ਹੋਈ ਆਪਣੇ ਨਾਲ ਬੈਠੇ ਦੋਸਤਾਂ ਨੂੰ ਹਸਾ ਰਹੀ ਸੀ। ਮੈਂ ਆਪਣੀਆਂ ਸੋਚਾਂ ਵਿਚ ਹੀ ਗਲਤਾਨ ਸੀ ਕਿ ਇਸ ਕੌਰਕ ਦਾ ਗਿਆਨ ਬੁੱਢੇ ਵਾਰੇ ਆ ਕੇ ਪਤਾ ਲੱਗਾ। ਪੰਦਰਾਂ ਕੁ ਮਿੰਟਾਂ ਬਾਅਦ ਸਾਡੀ ਕੋਚ ਹਾਈ ਵੇਅ ਨੂੰ ਛੱਡ ਕੇ ਇੱਕ ਛੋਟੀ ਜਿਹੀ ਸੜਕ ਤੇ ਆ ਗਈ। ਕੁਛ ਦੂਰ ਹੀ ਦੋ ਆਦਮੀ ਇੱਕ ਕੌਰਕ ਟ੍ਰੀ ਤੋਂ ਛਿੱਲ ਲਾਹ ਰਹੇ ਸਨ। ਕੋਚ ਇਥੇ ਖੜ੍ਹੀ ਹੋ ਗਈ ਅਤੇ ਸਾਰੇ ਉਹਨਾਂ ਵਲ ਨੂੰ ਦੇਖਣ ਲੱਗੇ। ਦਰੱਖਤਾਂ ਵਿਚ ਤਾਂ ਬਚਪਨ ਦੇ ਦਿਨਾਂ ਵਿਚ ਮੈਂ ਭੀ ਮੱਝੀਆਂ ਗਾਈਆਂ ਚਰਾਉਂਦਾ ਰਿਹਾ ਸੀ ਅਤੇ ਕਈ ਦਰਖਤ ਵੱਢੇ ਭੀ ਸਨ ਅਤੇ ਕਿੱਕਰਾਂ ਦੇ ਦਰੱਖਤਾਂ ਦੀ ਛਿੱਲ ਭੀ ਲਾਹੀ ਸੀ। ਇਹ ਭੀ ਦੇਖਿਆ ਹੋਇਆ ਸੀ ਜਦੋਂ ਕਿੱਕਰਾਂ ਵੱਢੀਆਂ ਜਾਂਦੀਆਂ ਸਨ ਤਾਂ ਚਮਾੜ੍ਹਲੀ ਦੇ ਕੁਛ ਲੋਕ ਲੱਕੜ ਦੇ ਬਣੇ ਹਥੌੜਿਆਂ ਨਾਲ ਕਿੱਕਰ ਦੇ ਵੱਢੇ ਹੋਏ ਮੋਛਿਆਂ ਤੇ ਜੋਰ ਨਾਲ ਇਹ ਲੱਕੜ ਦੇ ਹਥੌੜੇ ਮਾਰ ਮਾਰ ਕੇ ਇਸ ਦੀ ਛਿੱਲ ਲਾਹੁੰਦੇ ਸਨ। ਇਸ ਛਿੱਲ ਨੂੰ ਕਾਹਦੇ ਵਾਰੇ ਵਰਤਿਆ ਜਾਂਦਾ ਸੀ, ਇਸ ਦਾ ਪੂਰਾ ਗਿਆਨ ਤਾਂ ਮੈਂ ਨਹੀਂ ਜਾਣਦਾ, ਬਸ ਇੰਨਾ ਹੀ ਪਤਾ ਹੈ ਇਸ ਛਿੱਲ ਨੂੰ ਸੁਕਾ ਕੇ ਪਿੰਡ ਦੀਆਂ ਕਈ ਔਰਤਾਂ ਦਰੀਆਂ ਜਾਂ ਖੇਸ ਖੇਸੀਆਂ ਆਦਿਕ ਨੂੰ ਰੰਗਣ ਵਾਸਤੇ ਵਰਤਦੀਆਂ ਸਨ। ਆਪਣੇ ਘਰ ਵਿਚ ਹੀ ਮੈਂ ਆਪਣੀ ਬੀਬੀ ਨੂੰ ਦਰੀਆਂ ਖੇਸ ਆਦਿਕ ਵਾਸਤੇ ਸੂਤ ਰੰਗਦੀ ਨੂੰ ਦੇਖਿਆ ਹੋਇਆ ਸੀ। ਉਹ ਕੜਾਹੀ ਵਿਚ ਪਾਣੀ ਪਾ ਕੇ ਇਸ ਨੂੰ ਚੁੱਲ੍ਹੇ ਉਪਰ ਰੱਖ ਦਿੰਦੀ ਸੀ ਅਤੇ ਇਸ ਵਿਚ ਕਿੱਕਰ ਦੀਆਂ ਸੁੱਕੀਆਂ ਹੋਈਆਂ ਛਿੱਲਾਂ ਪਾ ਦਿੰਦੀ ਸੀ। ਇਹ ਪਾਣੀ ਕੜ੍ਹ ਕੜ੍ਹ ਕੇ ਗੂੜ੍ਹਾ ਬਿਸਕੁਟੀ ਰੰਗ ਹੋ ਜਾਂਦਾ ਸੀ। ਫਿਰ ਇਸ ਪਾਣੀ ਵਿਚ ਬੀਬੀ, ਸੂਤ ਪਾ ਦਿੰਦੀ ਸੀ। ਸੂਤ ਉਤੇ ਇੰਨਾ ਪੱਕਾ ਰੰਗ ਚੜ੍ਹ ਜਾਂਦਾ ਸੀ ਕਿ ਉਸ ਤੋਂ ਬਣੀਆਂ ਦਰੀਆਂ ਖੇਸੀਆਂ ਦੀ ਮਿਆਦ ਖਤਮ ਹੋਣ ਤੋਂ ਬਾਅਦ ਭੀ ਉਤਰਦਾ ਨਹੀਂ ਸੀ।

ਖੈਰ, ਕੋਚ ਡਰਾਈਵਰ ਸਾਨੂੰ ਇੱਕ ਫੈਕਟਰੀ ਅੱਗੇ ਲੈ ਆਇਆ। ਜਦ ਇਸ ਦੇ ਅੰਦਰ ਗਏ ਤਾਂ ਇਹ ਦੇਖ ਕੇ ਹੈਰਾਨ ਹੋ ਗਏ ਕਿ ਇਸ ਛਿੱਲ ਦੇ ਬੜੇ ਬੜੇ ਅੰਬਾਰ ਲੱਗੇ ਹੋਏ ਸਨ। ਜਦ ਫੈਕਟਰੀ ਦੇ ਅੰਦਰ ਗਏ ਤਾਂ ਇੱਕ ਆਦਮੀ ਸਾਨੂੰ ਕੰਮ ਹੁੰਦਾ ਦਿਖਾਣ ਲੱਗਾ। ਕਾਫੀ ਔਰਤਾਂ ਮਰਦ ਕੰਮ ਕਰ ਰਹੇ ਸਨ। ਇੱਕ ਮਸ਼ੀਨ ਤੇ ਬੋਤਲਾਂ ਦੇ ਕੌਰਕ ਬਣ ਰਹੇ ਸਨ ਅਤੇ ਕੁਛ ਔਰਤਾਂ ਵਿਚੋਂ ਖਰਾਬ ਕੌਰਕ ਕੱਢ ਕੇ ਬਕਸੇ ਭਰ ਰਹੀਆਂ ਸਨ। ਉਸ ਆਦਮੀ ਨੇ ਦੱਸਿਆ ਕਿ ਕੁਛ ਭੀ ਵੇਸਟ ਨਹੀਂ ਹੋਣ ਦਿੱਤਾ ਜਾਂਦਾ। ਇਸ ਛਿੱਲ ਦੇ ਵੇਸਟ ਨੂੰ ਮਸ਼ੀਨਾਂ ਨਾਲ ਕ੍ਰਸ਼ ਕਰਕੇ ਇਸ ਦੇ ਵੱਡੇ ਵੱਡੇ ਬਲੌਕ ਬਣਾਏ ਜਾਂਦੇ ਹਨ ਜਿਹਨਾਂ ਤੋਂ ਬਹੁਤ ਚੀਜਾਂ ਬਣਦੀਆਂ ਹਨ ਜਿਵੇਂ ਵਾਸ਼ਰਾਂ, ਇੰਜਿਨਾਂ ਵਾਸਤੇ ਗੈਸਕਿਟ, ਟੇਬਲ ਮੈਟ ਅਤੇ ਹੋਰ ਭੀ ਬਹੁਤ ਕੁਛ। ਅੱਗੇ ਗਏ ਤਾਂ ਇਸ ਕੌਰਕ ਤੋਂ ਬਣਾਏ ਵੱਡੇ ਵੱਡੇ ਬਲੌਕਾਂ ਨੂੰ ਆਰੇ ਨਾਲ ਚੀਰ ਚੀਰ ਕੇ ਸ਼ੀਟਾਂ ਬਣ ਰਹੀਆਂ ਸਨ ਜਿਹਨਾਂ ਤੋਂ ਅਨੇਕਾਂ ਚੀਜਾਂ ਬਣਦੀਆਂ ਸਨ, ਉਸ ਨੇ ਇਹ ਭੀ ਦੱਸਿਆ ਬੀਅਰ ਦੀਆਂ ਬੋਤਲਾਂ ਦੇ ਢੱਕਣਾਂ ਵਾਸਤੇ ਵਾਸ਼ਰ ਭੀ ਬਣਦੇ ਹਨ। ਹੋਰ ਭੀ ਬਹੁਤ ਕੁਛ ਦੇਖਿਆ ਅਤੇ ਬਾਹਰ ਆ ਕੇ ਕੋਚ ਵਿਚ ਬੈਠ ਗਏ। ਕੋਚ ਹਾਈ ਵੇਅ ਤੇ ਆ ਗਈ ਅਤੇ ਲਿਜ਼ਬਨ ਵਲ ਨੂੰ ਯਾਤਰਾ ਫਿਰ ਸ਼ੁਰੂ ਹੋ ਗਈ। ਕੋਚ ਵਿਚ ਬੈਠਿਆਂ ਬੈਠਿਆਂ ਮਨ ਵਿਚ ਮੈਨੂੰ ਹਾਸਾ ਆ ਗਿਆ ਕਿ ਬਚਪਨ ਵਿਚ ਜਦ ਸਾਡੇ ਪਿੰਡ ਵਿਚ ਆਹਲੂਵਾਲਿਆਂ ਦੇ ਮੁਹੱਲੇ ਵਿਚ ਕਿਸ਼ਨ ਠੋਹਲੂ ( ਠੋਲੂਹ ਉਸ ਦਾ ਕੁਨਾਮ ਸੀ ਜੋ ਉਸ ਦੇ ਦੋਸਤ ਉਹਨੂੰ ਕਹਿ ਕੇ ਬੁਲਾਂਦੇ ਸਨ ) ਦੀ ਸੋਢਾ ਵਾਟਰ ਦੀ ਦੁਕਾਨ ਤੇ ਕਿਸ਼ਨ, ਬੱਤਾ ਖੋਲ੍ਹਦਾ ਸੀ ਤਾਂ ਬੋਤਲ ਦਾ ਢੱਕਣ ਦੂਰ ਜਾ ਡਿਗਦਾ, ਅਸੀਂ ਦੌੜ ਕੇ ਉਹ ਢੱਕਣ ਚੁੱਕ ਲੈਂਦੇ। ਇਸ ਦੇ ਵਿਚਲੀ ਕੌਰਕ ਦੀ ਵਾਸ਼ਰ ਨੂੰ ਚਾਕੂ ਨਾਲ ਕੱਢ ਕੇ ਅਸੀਂ ਆਪਣੇ ਝੱਗੇ ਦੀ ਜੇਬ ਤੇ ਲਾਉਣ ਲਈ ਬੈਜ ਬਣਾ ਲੈਂਦੇ।

ਢੱਕਣ ਨੂੰ ਜੇਬ੍ਹ ਦੇ ਬਾਹਰ ਲਾ ਕੇ ਅੰਦਰੋਂ ਇਸ ਵਾਸ਼ਰ ਨੂੰ ਢੱਕਣ ਦੇ ਵਿਚ ਧੱਕ ਦਿੰਦੇ ਜਿਸ ਨਾਲ ਇਹ ਬੈਜ ਬਣ ਜਾਂਦਾ ਅਤੇ ਡਿਗਦਾ ਨਹੀਂ ਸੀ ਅਤੇ ਇਸ ਨਾਲ ਹੀ ਅਸੀਂ ਖੁਸ਼ ਹੋ ਜਾਂਦੇ ਸੀ। ਸਹੀ ਗੱਲ ਹੀ ਤਾਂ ਹੈ ਕਿ ਖੁਸ਼ੀ ਕੋਈ ਮੁੱਲ ਥੋੜ੍ਹੀ ਵਿਕਦੀ ਹੈ ! ਕੋਚ ਚਲਦੀ ਜਾ ਰਹੀ ਸੀ ਅਤੇ ਲਿਜ਼ਬਨ ਕੁਛ ਮੀਲ ਦੂਰ ਹੀ ਰਹਿ ਗਿਆ ਸੀ। ਇਕ ਜਗ੍ਹਾ ਟੋਲ ਤੇ ਕੋਚ ਖੜ੍ਹੀ ਹੋਈ, ਕੋਚ ਡਰਾਈਵਰ ਨੇ ਆਪਣਾ ਕਾਰਡ ਦਿਖਾਇਆ ਅਤੇ ਯਾਤਰਾ ਫਿਰ ਸ਼ੁਰੂ ਹੋ ਗਈ।

ਜਦ ਲਿਜ਼ਬਨ ਪਹੁੰਚੇ ਤਾਂ ਡਰਾਈਵਰ ਇੱਕ ਜਗ੍ਹਾ ਲੈ ਆਇਆ ਜਿਸ ਵਾਰੇ ਮੈਨੂੰ ਇਸ ਦੀ ਇਤਹਾਸਿਕ ਮਹੱਤਤਾ ਵਾਰੇ ਯਾਦ ਨਹੀਂ ਲੇਕਿਨ ਇਥੋਂ ਲਿਜ਼ਬਨ ਸੁਕੇਅਰ ਬਹੁਤ ਥੱਲੇ ਨੀਵੇਂ ਥਾਂ ਦਿਸ ਰਿਹਾ ਸੀ, ਜਿਥੇ ਅਸੀਂ ਜਾਣਾ ਸੀ। ਇਸ ਜਗ੍ਹਾ ਵਾਰੇ ਬਸ ਇੰਨਾ ਹੀ ਯਾਦ ਹੈ ਕਿ ਇਹ ਇੱਕ ਛੋਟੀ ਜਿਹੀ ਪਾਰਕ ਸੀ ਜਿਥੇ ਬੈਠਣ ਵਾਸਤੇ ਬੈਂਚ ਰੱਖੇ ਹੋਏ ਸਨ। ਇਥੇ ਪੰਦਰਾਂ ਕਿ ਮਿੰਟ ਠਹਿਰੇ ਅਤੇ ਕੋਚ ਡਰਾਈਵਰ ਲਿਜ਼ਬਨ ਸੁਕੇਅਰ ਵਲ ਨੂੰ ਰਵਾਨਾ ਹੋ ਗਿਆ।

ਇਸ ਸੁਕੇਅਰ ਦਾ ਕੋਈ ਨਾਂ ਹੈ ਜੋ ਮੈਨੂੰ ਹੁਣ ਯਾਦ ਨਹੀਂ। ਜਦ ਉਥੇ ਪਹੁੰਚੇ ਤਾਂ ਡਰਾਈਵਰ ਸਾਨੂੰ ਉਤਾਰ ਕੇ ਕੋਚ ਨੂੰ ਕਿਤੇ ਪਾਰਕ ਕਰਨ ਵਾਸਤੇ ਚਲੇ ਗਿਆ। ਅਸੀਂ ਫਿਰਨ ਤੁਰਨ ਲੱਗੇ। ਇਹ ਬਹੁਤ ਬੜਾ ਸੁਕੇਅਰ ਸੀ ਜਿਸ ਦੇ ਇੱਕ ਪਾਸੇ ਕਿਸੇ ਬਾਦਸ਼ਾਹ ਦਾ ਬੁੱਤ ਬਹੁਤ ਉਚੇ ਪਿਲਰ ਤੇ ਲੱਗਾ ਹੋਇਆ ਸੀ। ਇਹ ਇੰਨਾ ਉਚਾ ਹੀ ਸੀ ਜਿਦਾਂ ਕੁਤਬ ਮੀਨਾਰ ਉਚਾ ਹੈ। ਇਹ ਬਿਲਕੁਲ ਲੰਡਨ ਦੇ ਨੈਲਸਨ ਦੇ ਬੁੱਤ ਵਾਂਗੂੰ ਉਚਾ ਬਨਿਆ ਹੋਇਆ ਸੀ। ਇਸ ਸੁਕੇਅਰ ਦੇ ਚਾਰੇ ਪਾਸੇ ਵੱਡੇ ਵੱਡੇ ਸਟੋਰ ਲੋਕਾਂ ਨਾਲ ਭਰੇ ਹੋਏ ਸਨ। ਬਿਦੇਸ਼ੀ ਲੋਕ ਬਹੁਤ ਸਨ ਜਿਹਨਾਂ ਕੋਲ ਕੈਮਰੇ ਫੜੇ ਹੋਏ ਸਨ। ਸਾਡਾ ਕੋਚ ਡਰਾਈਵਰ ਤੇ ਗਾਈਡ ਭੀ ਆ ਪਹੁੰਚੇ ਸਨ। ਉਹ ਸਾਨੂੰ ਇੱਕ ਭੀੜੇ ਜਿਹੇ ਬਜ਼ਾਰ ਵਿਚ ਦੀ ਲੈ ਤੁਰੇ। ਇਥੇ ਜਿਊਲਰੀ ਦੀਆਂ ਦੁਕਾਨਾਂ ਬਹੁਤ ਸਨ। ਗਾਈਡ ਸਾਨੂੰ ਕੁਛ ਦੂਰ ਲੈ ਗਿਆ।

ਅੱਗੇ ਸਾਨੂੰ ਸਮੁੰਦਰ ਵਿਚ ਜਹਾਜ਼ ਅਤੇ ਕਿਸ਼ਤੀਆਂ ਖੜ੍ਹੀਆਂ ਦਿਖਾਈ ਦਿੱਤੀਆਂ। ਹੁਣ ਗਾਈਡ ਸਾਨੂੰ ਦੱਸਣ ਲੱਗਾ ਕਿ ਉਹਨਾਂ ਦੇ ਹੈਨਰੀ ਦੀ ਨੈਵੀਗੇਟਰ ਅਤੇ ਵਾਸਕੋਡੇਗਾਮਾ ਦੀਆਂ ਕੋਸ਼ਿਸ਼ਾਂ ਨਾਲ ਨਵੇਂ ਨਵੇਂ ਸਮੁੰਦਰੀ ਰਸਤੇ ਲੱਭੇ ਗਏ ਜਿਸ ਨਾਲ ਬਹੁਤ ਸਾਰੇ ਅਫ਼ਰੀਕਨ ਦੇਸ਼ ਪੁਰਤਗਾਲ ਦੇ ਅਧੀਨ ਕਰ ਲਏ ਗਏ। ਇਸ ਨਾਲ ਹੀ ਸਲੇਵ ਟਰੇਡ ਬਹੁਤ ਉਨਤ ਹੋਈ। ਅਫ਼ਰੀਕਨ ਲੋਕਾਂ ਨੂੰ ਜੰਗਲਾਂ ਵਿਚੋਂ ਫੜ ਫੜ ਕੇ ਜਹਾਜ਼ਾਂ ਦੇ ਜਹਾਜ਼ ਭਰ ਭਰ ਲਿਜ਼ਬਨ ਪਹੁੰਚਣ ਲੱਗੇ। ਉਹਨਾਂ ਦੇ ਹੱਥ ਪੈਰ ਸੰਗਲਾਂ ਨਾਲ੍ਹ ਬੰਨ੍ਹੇ ਹੁੰਦੇ ਸਨ ਤਾਂਕਿ ਉਹ ਦੌੜ ਨਾ ਜਾਣ। ਮੰਡੀਆਂ ਵਿਚ ਉਹਨਾਂ ਦੀ ਬੋਲੀ ਹੁੰਦੀ ਸੀ, ਜਿੰਨਾ ਤਕੜਾ ਸਲੇਵ ਉੱਨੀ ਹੀ ਉਹਦੀ ਬੋਲੀ ਹੁੰਦੀ। ਕਈ ਵੱਡੇ ਵੱਡੇ ਵਿਓਪਾਰੀ ਇਹ ਸਲੇਵ ਖਰੀਦ ਕੇ ਦੂਜੇ ਦੇਸ਼ਾਂ ਵਿਚ ਵੇਚਦੇ। ਇਹ ਬਿਲਕੁਲ ਉਸੇ ਤਰਾਂ ਸੀ ਜਿਸ ਤਰਾਂ ਪਸ਼ੂ ਵੇਚੇ ਜਾਂਦੇ ਹਨ। ਇਸ ਧੰਦੇ ਵਿਚ ਪੈਸੇ ਬਹੁਤ ਸਨ। ਇਥੇ ਸੋਨੇ ਅਤੇ ਚਾਂਦੀ ਦੇ ਜਹਾਜ਼ ਭੀ ਆਉਂਦੇ ਸਨ । ਲਿਜ਼ਬਨ ਵਿਚ ਗੋਲ੍ਡ ਸਟ੍ਰੀਟ ਅਤੇ ਸਿਲਵਰ ਸਟ੍ਰੀਟ ਹੁੰਦੀ ਸੀ।

ਸੋਨੇ ਚਾਂਦੀ ਦੇ ਗਹਿਣਿਆਂ ਨਾਲ ਦੁਕਾਨਾਂ ਭਰੀਆਂ ਹੁੰਦੀਆਂ ਸਨ। ਉਸ ਸਮੇ ਪੁਰਤਗਾਲ ਬਹੁਤ ਅਮੀਰ ਦੇਸ਼ ਹੋ ਗਿਆ ਸੀ। ਇਸ ਦਾ ਇੱਕ ਕਾਰਨ ਇਹ ਭੀ ਸੀ ਕਿ ਜਦੋਂ ਵਾਸਕੋਡੇਗਾਮਾ ਇੰਡੀਆ ਪਹੁੰਚ ਗਿਆ ਸੀ ਤਾਂ ਇਥੋਂ ਬਹੁਤ ਤਰਾਂ ਦੇ ਮਸਾਲੇ ਪੁਰਤਗਾਲ ਵਿਚ ਆਉਣ ਲੱਗੇ ਜੋ ਬਹੁਤ ਮਹਿੰਗੇ ਭਾਅ ਵਿਕਦੇ ਸਨ। ਇਸ ਦਾ ਕਾਰਨ ਇਹ ਸੀ ਕਿ ਗੋਆ ਵਿਚ ਵਾਸਕੋਡੇਗਾਮਾਂ ਦੇ ਵਿਓਪਾਰ ਸਥਾਪਤ ਕਰਨ ਤੋਂ ਸੌ ਸਾਲ ਬਾਅਦ ਹੀ ਹੋਰ ਯੂਰਪੀਨ ਦੇਸ਼ਾਂ ਨੂੰ ਇੰਡੀਆ ਵਾਰੇ ਪਤਾ ਲੱਗਾ ਸੀ। ਇੰਡੀਆ ਤੋਂ ਜਿੰਨੇ ਭੀ ਮਸਾਲੇ ਆਉਂਦੇ ਸਨ ਉਹਨਾਂ ਤੋਂ 60% ਮੁਨਾਫ਼ਾ ਹੋ ਜਾਂਦਾ ਸੀ। ਜਿੰਨੇ ਭੀ ਜਹਾਜ਼ ਮਾਲ ਲੈ ਕੇ ਪੁਰਤਗਾਲ ਆਉਂਦੇ ਸਨ ਉਸ ਤੇ ਹਕੂਮਤ ਨੂੰ ਭੀ ਟੈਕਸ ਮਿਲਦਾ ਸੀ। ਲੋਕ ਅਮੀਰ ਸਨ ਅਤੇ ਬਹੁਤ ਘਰਾਂ ਵਿਚ ਅਫ਼ਰੀਕਨ ਸਲੇਵ ਰੱਖਣ ਦਾ ਰਿਵਾਜ਼ ਸੀ ਜੋ ਮੰਡੀ ਵਿਚੋਂ ਬੋਲੀ ਦੇ ਕੇ ਖਰੀਦੇ ਜਾ ਸਕਦੇ ਸਨ। ਕ੍ਰਿਸਟੋਫਰ ਬੋਲਿਆ, " ਹੁਣ ਤੁਸੀ ਕੁਛ ਖਾ ਲਵੋ, ਫਿਰ ਮੈਂ ਤੁਹਾਨੂੰ ਸੈਗਰਸ ਲੈ ਜਾਊਂਗਾ ਜਿਥੇ ਆਪ ਹੈਨਰੀ ਦੀ ਨੈਵੀਗੇਟਰ ਦਾ ਕਿਲਾ ਦੇਖੋਗੇ "। ਗੱਲਾਂ ਕਰਦੇ ਕਰਦੇ ਅਸੀਂ ਵਾਪਸ ਉਸ ਸੁਕੇਅਰ ਵਿਚ ਆ ਗਏ ਅਤੇ ਮੈਕਡੌਨਲਡ ਵਿਚ ਵੜ ਗਏ।

ਚਲਦਾ............

# ਗੰਭੀਰ ਸੰਕਟ 'ਚ ਪੰਜਾਬ

ਸੁਖਪਾਲ ਢਿੱਲੋਂ

ਪੰਜਾਬ ਕਦੇ ਆਰਥਿਕ ਤੌਰ 'ਤੇ ਇੱਕ ਅਮੀਰ ਸੂਬਾ ਸੀ, ਪਰ ਅੱਜ ਪੰਜਾਬ ਦਾ ਵਾਤਾਵਰਣ ਗੰਭੀਰ ਸੰਕਟ 'ਚ ਹੈ। ਪੰਜਾਬ ਅੱਜ ਹਵਾ, ਮਿੱਟੀ ਅਤੇ ਪਾਣੀ ਪ੍ਰਦੂਸ਼ਣ ਦੀ ਮਾਰ ਹੇਠ ਆ ਗਿਆ ਹੈ। ਰਸਾਇਣਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਉਪਜਾਊ ਮਿੱਟੀ ਦੀ ਗੁਣਵੱਤਾ ਖ਼ਤਮ ਕਰ ਰਹੀਆਂ ਹਨ। ਧਰਤੀ ਹੇਠਲਾ ਪਾਣੀ ਲਗਾਤਾਰ ਥੱਲੇ ਜਾ ਰਿਹਾ ਹੈ ਅਤੇ ਦਰਿਆਈ ਪਾਣੀ ਵੀ ਪ੍ਰਦੂਸ਼ਣ ਦੀ ਮਾਰ ਹੇਠ ਹੈ। ਪੰਜਾਬ 'ਚੋਂ ਜਾਨਵਰਾਂ ਅਤੇ ਪੰਛੀਆਂ ਦੀਆਂ ਕਈ ਕਿਸਮਾਂ ਅਲੋਪ ਹੋ ਚੁੱਕੀਆਂ ਹਨ ਅਤੇ ਕੁਝ ਅਲੋਪ ਹੋਣ ਕੰਢੇ ਹਨ। ਇਹ ਕੁਦਰਤ ਦੀ ਇਨਸਾਨਾਂ ਲਈ ਚਿਤਾਵਨੀ ਹੈ ਅਤੇ ਸਾਨੂੰ ਸਮਝਣ ਦੀ ਲੋੜ ਹੈ। ਪੰਜਾਬ 'ਚ ਹਰ ਸਾਲ ਅੰਨ੍ਹੇਵਾਹ ਦਰਖ਼ਤਾਂ ਦੀ ਕਟਾਈ ਹੋ ਰਹੀ ਹੈ, ਫ਼ੈਕਟਰੀਆਂ 'ਚੋਂ ਨਿਕਲ ਰਿਹਾ ਰਸਾਇਣਾਂ ਵਾਲਾ ਪਾਣੀ ਸਥਾਨਕ ਵਾਤਾਵਰਣ ਨੂੰ ਦੂਸ਼ਿਤ ਕਰ ਰਿਹਾ ਹੈ, ਪਰ ਸਰਕਾਰਾਂ ਇਸ ਪਾਸੇ ਧਿਆਨ ਨਹੀਂ ਦੇ ਰਹੀਆਂ। ਪਰਾਲੀ ਅਤੇ ਨਾੜ ਸਾੜੇ ਜਾਣ, ਆਤਿਸ਼ਬਾਜ਼ੀ, ਏਅਰ ਕੰਡੀਸ਼ਨਰਾਂ, ਤਾਪ ਬਿਜਲੀ ਘਰਾਂ ਅਤੇ ਫ਼ੈਕਟਰੀਆਂ ਆਦਿ ਦੇ ਪ੍ਰਦੂਸ਼ਣ ਕਾਰਨ ਪੰਜਾਬ ਦੀ ਹਵਾ ਸਾਹ ਲੈਣ ਜੋਗੀ ਨਹੀਂ ਰਹੀ।ਪਰਾਲੀ ਦਾ ਕੋਈ



ਪੱਕਾ ਹੱਲ ਪੰਜਾਬ ਸਰਕਾਰ ਨੂੰ ਲੱਭਣਾ ਚਾਹੀਦਾ ਹੈ ਤਾਂ ਕਿ ਮਜਬੂਰੀ ਵੱਸ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਾਉਣੀ ਪਵੇ ਅਤੇ ਵਾਤਾਵਰਣ ਦਾ ਬਚਾਅ ਹੋ ਸਕੇ। ਕਿਸਾਨਾਂ ਨੂੰ ਤੰਗ-ਪਰੇਸ਼ਾਨ ਕਰਨ ਦੀ ਥਾਂ ਸਰਕਾਰ ਕੋਈ ਢੁੱਕਵਾਂ ਹੱਲ ਕਰਨਾ ਚਾਹੀਦਾ ਹੈ। ਵਾਤਾਵਰਣ ਬਚਾਉਣ ਲਈ ਵੱਡੇ ਪੱਧਰ 'ਤੇ ਦਰਖ਼ਤ ਲਾਉਣੇ ਚਾਹੀਦੇ ਹਨ, ਅਤੇ ਆਤਿਸ਼ਬਾਜ਼ੀ 'ਤੇ ਸਖ਼ਤ ਪਾਬੰਦੀ ਹੋਣੀ ਚਾਹੀਦੀ ਹੈ। ਇਸ ਲਈ ਆਮ ਲੋਕਾਂ ਨੂੰ ਵੀ ਜਾਗਰੂਕ ਕਰਨ ਦੀ ਲੋੜ ਹੈ। ਇਸ ਤੋਂ ਇਲਾਵਾ ਕੁਦਰਤ ਨਾਲ ਛੇੜਛਾੜ ਕਾਰਨ ਪੰਜਾਬੀ ਭਿਆਨਕ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਜਿਸ ਦੇ ਜ਼ਿੰਮੇਵਾਰ ਪੰਜਾਬੀ ਖ਼ੁਦ ਹਨ। ਵਾਤਾਵਰਣ ਬਿਨਾਂ ਜੀਵਨ ਦੀ ਕਲਪਨਾ ਵੀ ਸੰਭਵ ਨਹੀਂ। ਹਵਾ, ਪਾਣੀ ਅਤੇ ਰੁੱਖ ਇਸ ਦੇ ਮੁੱਖ ਅੰਸ਼ ਹਨ। ਆਪਣੇ ਸੁੱਖ ਲਈ ਮਨੁੱਖ ਰੋਜ਼ਾਨਾ ਲੱਖਾਂ ਹੀ ਰੁੱਖਾਂ ਦੀ ਬਲੀ ਚਾੜ੍ਹ ਰਿਹਾ ਹੈ।

ਪ੍ਰਦੂਸ਼ਣ ਤੋਂ ਹੋਣ ਵਾਲੇ ਕੈਂਸਰ ਵਰਗੇ ਭਿਆਨਕ ਰੋਗਾਂ ਦਾ ਇਲਾਜ ਬਹੁਤ ਮਹਿੰਗਾ ਹੈ ਅਤੇ ਨਾਲ ਹੀ ਜਾਨ ਵੀ ਜਾਂਦੀ ਹੈ। ਵਾਤਾਵਰਣ ਪ੍ਰਦੂਸ਼ਣ ਦੀ ਮਾਰ ਤੋਂ ਬਚਣ ਲਈ ਪਹਿਲਾਂ ਪੰਜਾਬੀਆਂ ਨੂੰ ਆਪਣਾ ਮਾਨਸਿਕ ਪ੍ਰਦੂਸ਼ਣ ਖ਼ਤਮ ਕਰਨਾ ਪਵੇਗਾ। ਪੰਜਾਬ ਦੇ ਵਾਤਾਵਰਣ ਨੂੰ ਪ੍ਰਦੂਸ਼ਣ ਦੀ ਚੌਤਰਫ਼ਾ ਮਾਰ ਪੈ ਰਹੀ ਹੈ। ਖੇਤੀਬਾੜੀ ਨਿਰੀ ਰਸਾਇਣਕ ਖਾਦਾਂ ਅਤੇ ਕੀੜੇਮਾਰ ਜ਼ਹਿਰਾਂ 'ਤੇ ਨਿਰਭਰ ਹੋ ਜਾਣ ਕਾਰਨ ਉੱਥੋਂ ਦੀ ਜ਼ਰਖੇਜ਼ ਜ਼ਮੀਨ ਸਰਾਪੀ ਗਈ ਹੈ। ਕੁਝ ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ ਦੀ ਜ਼ਮੀਨ ਬੰਜਰ ਹੋਣ ਦਾ ਖ਼ਤਰਾ ਹੈ। ਜ਼ਮੀਨ ਹੇਠਲੇ ਪਾਣੀ ਦੀ ਵੱਡੇ ਪੱਧਰ 'ਤੇ ਵਰਤੋਂ ਨੇ ਇਸ ਅੰਮ੍ਰਿਤ ਦਾ ਲਗਭਗ ਭੋਗ ਪਾ ਦਿੱਤਾ ਹੈ। ਦਰਿਆਈ ਪਾਣੀ ਲਈ ਵੀ ਅਨੇਕਾਂ ਸੰਕਟ ਖੜ੍ਹੇ ਹੋ ਰਹੇ ਹਨ।

ਪੰਜਾਬ ਇਸ ਸਮੇਂ ਭਾਂਤ-ਭਾਂਤ ਦੇ ਸੰਕਟਾਂ ਨਾਲ ਜੂਝ ਰਿਹਾ ਹੈ ਜਿਨ੍ਹਾਂ 'ਚੋਂ ਵਾਤਾਵਰਣ ਸੰਕਟ ਪ੍ਰਮੁੱਖ ਹੈ। ਪੰਜਾਬ ਦਾ ਧਰਤੀ ਹੇਠਲਾ ਪਾਣੀ ਪੀਣ ਯੋਗ ਨਹੀਂ ਰਿਹਾ, ਅਤੇ ਦਰਿਆਵਾਂ ਦਾ ਪਾਣੀ ਵੀ ਹੱਦੋਂ ਵੱਧ ਪ੍ਰਦੂਸ਼ਿਤ ਹੋ ਗਿਆ ਹੈ। ਲੋਕਾਂ ਨੂੰ ਕੈਂਸਰ ਜਿਹੀਆਂ ਨਾਮੁਰਾਦ ਬੀਮਾਰੀਆਂ ਨੇ ਘੇਰ ਲਿਆ ਹੈ। ਜ਼ਮੀਨ ਵੀ ਹੱਦੋਂ ਵੱਧ ਕੈਮੀਕਲਾਂ, ਸਪਰੇਆਂ ਕਰ ਕੇ ਜ਼ਹਿਰੀਲੀ ਹੋ ਚੁੱਕੀ ਹੈ। ਕਿਸੇ ਵਕਤ ਜ਼ਮੀਨ ਵਾਹੇ ਤੋਂ ਮਿੱਟੀ ਦੀ ਖ਼ੁਸ਼ਬੂ ਆਉਂਦੀ ਹੁੰਦੀ ਸੀ ਜੋ ਅੱਜ ਗਾਇਬ ਹੈ। ਹਵਾ ਵੀ ਗੰਧਲੀ ਹੋ ਚੁੱਕੀ ਹੈ ਜਿਸ ਲਈ ਬਹੁਤ ਕੁਝ ਜ਼ਿੰਮੇਵਾਰ ਹੈ। ਪੰਜਾਬ ਦਾ ਵਾਤਾਵਰਣ ਪਲੀਤ ਹੋਣ ਕਾਰਨ ਕੈਂਸਰ, ਹੈਪੇਟਾਈਟਸ, ਡੇਂਗੂ ਅਤੇ ਹੋਰ ਬੀਮਾਰੀਆਂ ਵੱਧ ਰਹੀਆਂ ਹਨ। ਸੁਣਿਆ ਸੀ ਕਿ ਪੁਰਾਣੇ ਸਮੇਂ 'ਚ ਤਾਨਾਸ਼ਾਹਾਂ ਵਲੋਂ ਲੋਕਾਂ ਨੂੰ ਮਾਰਨ ਲਈ ਜ਼ਹਿਰੀਲੀ ਗੈਸ ਦੇ ਚੈਂਬਰਾਂ 'ਚ ਬੰਦ ਕਰ ਦਿੱਤਾ ਜਾਂਦਾ ਸੀ, ਪਰੰਤੂ ਹੁਣ ਤਾਂ ਪੰਜਾਬੀ ਖ਼ੁਦ ਲਈ ਅਤੇ ਆਪਣੇ ਬੱਚਿਆਂ ਲਈ ਆਪ ਹੀ ਜ਼ਹਿਰੀਲੀ ਗੈਸ ਦੇ ਚੈਂਬਰ ਤਿਆਰ ਕਰ ਰਹੇ ਹਨ।

# ਮਖਾਣੇ ਖਾਣ ਦੇ ਫ਼ਾਇਦੇ

ਸੁੱਕੇ ਮੇਵੇ ਵਾਂਗ ਮਖਾਣੇ ਖਾਣ ਨਾਲ ਵੀ ਸ਼ਰੀਰ ਨੂੰ ਬਹੁਤ ਫ਼ਾਇਦੇ ਹੁੰਦੇ ਹਨ। ਮਖਾਣਿਆਂ ਨੂੰ ਅਸੀਂ ਕੱਚੇ ਅਤੇ ਭੁੰਨ ਕੇ ਦੋਵਾਂ ਤਰ੍ਹਾਂ ਨਾਲ ਖਾ ਸਕਦੇ ਹਾਂ। ਪੁਰਾਣੇ ਲੋਕ ਮਖਾਣਿਆਂ ਨੂੰ ਪੀਸ ਕੇ ਕਣਕ ਦੇ ਆਟੇ 'ਚ ਮਿਲਾ ਕੇ ਖਾਂਦੇ ਸਨ ਤਾਂ ਜੋ ਆਟੇ ਨੂੰ ਪ੍ਰੋਟੀਨ ਭਰਪੂਰ ਬਣਾਇਆ ਜਾ ਸਕੇ। ਮਖਾਣਿਆਂ ਨੂੰ ਅਸੀਂ ਅਕਸਰ ਸਰਦੀਆਂ 'ਚ ਪੰਜੀਰੀ ਜਾਂ ਪਿੰਨੀਆਂ ਆਦਿ 'ਚ ਮਿਲਾ ਕੇ ਖਾਂਦੇ ਹਾਂ ਕਿਉਂਕਿ ਇਹ ਸਿਹਤ ਲਈ ਬਹੁਤ ਫ਼ਾਇਦੇਮੰਦ ਹਨ। ਮਖਾਣੇ ਵਧਦੀ ਉਮਰ ਦੇ ਲੱਛਣਾਂ ਨੂੰ ਘੱਟ ਕਰਨ ਲਈ ਐਂਟੀ-ਔਕਸੀਡੈਂਟਸ ਨਾਲ ਭਰਪੂਰ ਹੁੰਦੇ ਹਨ। ਇਹ ਵਧਦੀ ਉਮਰ ਦੇ ਲੱਛਣਾਂ ਨੂੰ ਘੱਟ ਕਰਨ ਦਾ ਕੰਮ ਕਰਦੇ ਹਨ। ਕੈਲਸ਼ੀਅਮ ਨਾਲ ਭਰਪੂਰ ਹੋਣ ਕਾਰਨ ਇਸ ਨਾਲ ਜੋੜਾਂ ਦੇ ਦਰਦ ਤੋ ਰਾਹਤ ਮਿਲਦੀ ਹੈ। ਮਖਾਣੇ ਖਾਣ ਨਾਲ ਹੋਰ ਕਿਹੜੇ ਫ਼ਾਇਦੇ ਹੁੰਦੇ ਹਨ, ਆਓ ਜਾਣਦੇ ਹਾਂ।

**ਗੁਰਦਿਆਂ ਲਈ ਚੰਗੇ**: ਮਖਾਣੇ ਖਾਣ ਨਾਲ ਗੁਰਦੇ ਹਮੇਸ਼ਾ ਠੀਕ ਰਹਿੰਦੇ ਹਨ ਜਿਸ ਨਾਲ ਸਿਹਤ ਚੰਗੀ ਰਹਿੰਦੀ ਹੈ। ਮਖਾਣਿਆਂ 'ਚ ਮਿਠਾਸ ਬਹੁਤ ਘੱਟ ਹੋਣ ਕਾਰਨ ਇਹ ਸਪਲੀਨ ਨੂੰ ਡਿਟੌਕਸੀਫ਼ਾਈ ਕਰਦੇ ਹਨ। ਕਿਡਨੀ ਨੂੰ ਮਜ਼ਬੂਤ ਬਣਾਉਣ ਅਤੇ ਖ਼ੂਨ ਨੂੰ ਬਿਹਤਰ ਰੱਖਣ ਲਈ ਇਨ੍ਹਾਂ ਦਾ ਰੋਜ਼ਾਨਾ ਸੇਵਨ ਕਰੋ।

**ਹੱਡੀਆਂ ਨੂੰ ਕਰਨ ਮਜ਼ਬੂਤ**: ਮਖਾਣੇ ਕੈਲਸ਼ੀਅਮ ਨਾਲ ਭਰਪੂਰ ਹੁੰਦੇ ਹਨ ਜੋ ਹੱਡੀਆਂ ਨੂੰ ਮਜ਼ਬੂਤ ਕਰਨ ਦਾ ਕੰਮ ਕਰਦੇ ਹਨ। ਜੇਕਰ ਤੁਹਾਡੀਆਂ ਹੱਡੀਆਂ 'ਚ ਦਰਦ ਹੁੰਦਾ ਹੈ ਤਾਂ ਤੁਹਾਨੂੰ ਸਵੇਰ ਦੇ ਸਮੇਂ ਮਖਾਣਿਆਂ ਦਾ ਸੇਵਨ ਕਰਨਾ ਚਾਹੀਦਾ ਹੈ।

**ਤਨਾਅ ਅਤੇ ਉਨੀਂਦਰਾ**: ਜੇਕਰ ਤੁਸੀਂ ਤਨਾਅ ਦੀ ਸਮੱਸਿਆ ਤੋਂ ਪਰੇਸ਼ਾਨ ਰਹਿੰਦੇ ਹੋ ਅਤੇ ਤੁਹਾਨੂੰ ਨੀਂਦ ਨਹੀਂ ਆਉਂਦੀ ਤਾਂ ਤੁਸੀਂ ਰੋਜ਼ਾਨਾ ਮਖਾਣਿਆਂ ਦਾ ਸੇਵਨ ਕਰੋ। ਮਖਾਣੇ ਸ਼ਰੀਰ ਲਈ ਬਹੁਤ ਫ਼ਾਇਦੇਮੰਦ ਹੁੰਦੇ ਹਨ। ਇਸ ਲਈ ਰਾਤ ਨੂੰ ਸੌਣ ਤੋਂ ਪਹਿਲਾਂ ਇੱਕ ਗਲਾਸ ਦੁੱਧ ਦੇ ਨਾਲ ਮਖਾਣਿਆਂ ਦਾ ਸੇਵਨ ਕਰਨ ਨਾਲ ਚੰਗੀ ਨੀਂਦ ਆਉਂਦੀ ਹੈ। ਨਾਲ ਹੀ ਤਨਾਅ ਵੀ ਘੱਟ ਹੁੰਦਾ ਹੈ। ਮਖਾਣੇ ਐਂਟੀ-ਔਕਸੀਡੈਂਟਸ ਨਾਲ ਭਰਪੂਰ ਹੁੰਦੇ ਹਨ ਜੋ ਹਰ ਤਰ੍ਹਾਂ ਦੀ ਉਮਰ ਦੇ ਲੋਕਾਂ ਲਈ ਫ਼ਾਇਦੇਮੰਦ ਹਨ। ਇਸ ਤੋਂ ਇਲਾਵਾ ਫੂਲ ਮਖਾਣਿਆਂ 'ਚ ਐਸਟਰ ਪੁੰਜ ਗੁਣ ਵੀ ਹੁੰਦੇ ਹਨ ਜਿਨ੍ਹਾਂ ਕਾਰਨ ਇਹ ਦਸਤ ਤੋਂ ਰਾਹਤ ਦਿਵਾਉਂਦੇ ਹਨ ਅਤੇ ਭੁੱਖ ਵਧਾਉਣ 'ਚ ਮਦਦਗਾਰ ਹੁੰਦੇ ਹਨ।

# ਪੰਜਾਬੀਓ ਜਾਗਦੇ ਰਹੋ ! ਆਪਣੀ ਹੋਂਦ, ਆਣ ਅਤੇ ਸ਼ਾਨ ਸਰਕਾਰਾਂ ਦੇ ਭਰੋਸੇ ਨਾ ਛੱਡੋ



ਮੁਹੰਮਦ ਜਮੀਲ ਜੌੜਾ ਐਡਵੋਕੇਟ
ਐਮ.ਏ. ਜਰਨਾਲਿਜ਼ਮ
ਗਰੀਨ ਟਾਊਨ, ਮਲੇਰਕੋਟਲਾ
ਸੰਪਰਕ: 9417969547



ਪੰਜਾਬ ਭਾਵੇਂ ਅਨੇਕਾਂ ਵਾਰ ਟੁੱਟਿਆ ਪਰੰਤੂ ਪੰਜਾਬੀਆਂ ਦੀ ਹਿੰਮਤ ਅਤੇ ਹੌਸਲਾ ਨਹੀਂ ਟੁੱਟਾ । ਇਸੇ ਗੱਲ ਨੇ ਕੇਂਦਰ ਸਰਕਾਰ ਦੀ ਪ੍ਰੇਸ਼ਾਨੀ ਵਧਾਈ ਹੋਈ ਹੈ ਜੋ ਆਏ ਦਿਨ ਸਾਜ਼ਿਸ਼ਾਂ ਰਚ ਕੇ ਪੰਜਾਬੀਆਂ ਦੇ ਜਜ਼ਬੇ ਅਤੇ ਹੌਸਲੇ ਨੂੰ ਤੋੜਣਾ ਚਾਹੁੰਦੀ ਹੈ । ਕੇਂਦਰ ਸਰਕਾਰ ਨੇ ਤਿੰਨ ਕਾਲੇ ਖੇਤੀ ਕਾਨੂੰਨ ਬਣਾ ਕੇ ਦੇਸ਼ ਭਰ 'ਚ ਹੋ ਰਹੇ ਵਿਰੋਧ ਦੇ ਬਾਵਜੂਦ ਵੀ ਇੱਕ ਸਾਲ ਤੱਕ ਰੱਦ ਨਾ ਕੀਤੇ ਆਖਰ ! ਇੱਕ ਸਾਲ ਦੇ ਲੰਬੇ ਸੰਘਰਸ਼ ਤੋਂ ਬਾਦ ਕੇਂਦਰ ਨੂੰ ਪੰਜਾਬ ਦੇ ਲੋਕਾਂ ਦੇ ਹੌਸਲੇ ਅੱਗੇ ਗੋਡੇ ਟੇਕਣੇ ਪਏ । ਆਪਣੀ ਹਾਰ ਦਾ ਬਦਲਾ ਲੈਣ ਅਤੇ ਦੇਸ਼ ਭਰ ਤੇ ਆਪਣੀ ਚੌਧਰ ਸਥਾਪਤ ਕਰਨ ਦੇ ਮਨਸੂਬੇ ਨਾਲ ਬੀਜੇਪੀ ਸਰਕਾਰ ਨੇ ਪਾਕਿਸਤਾਨ ਦੀ ਸੀਮਾ ਨਾਲ ਲੱਗਦਾ 50 ਕਿਲੋਮੀਟਰ ਦਾ ਏਰੀਆ ਸਿੱਧੇ ਤੌਰ ਤੇ ਕੇਂਦਰ ਦੇ ਅਧੀਨ ਕਰ ਲਿਆ ਜਿਸ ਵਿੱਚ ਲੱਗਭਗ 25 ਫੀਸਦੀ ਪੰਜਾਬ ਆ ਚੁੱਕਾ ਹੈ, ਸਿਰਫ ਜੰਮੂ ਨੂੰ ਦੋਬਾਰਾ ਸੂਬਾ ਬਣਾਉਣ ਦੀਆਂ ਵਿਉਂਤਾਂ, ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ.) ਵਿੱਚੋਂ ਇੱਕਦਮ ਪੰਜਾਬ ਦੀ ਹਿੱਸੇਦਾਰੀ ਖਤਮ ਕਰ ਦੇਣਾ ਅਤੇ ਪੰਜਾਬ ਪੁਲਿਸ ਨੂੰ ਹਟਾ ਕੇ ਸੈਂਟਰਲ ਇੰਡਸਟਰੀਅਲ ਸਕਿਉਰਿਟੀ ਫੋਰਸ (ਸੀ.ਆਈ.ਐਸ.ਐਫ.) ਦੀ ਤੈਨਾਤੀ, ਚੰਡੀਗੜ੍ਹ 'ਚ ਵਿਧਾਨ ਸਭਾ ਸਥਾਪਤ ਕਰਨ ਦੀਆਂ ਚਰਚਾਵਾਂ, ਜਿਸ ਨਾਲ ਪੰਜਾਬ ਦੀ ਹੋਂਦ ਖਤਰੇ ਵਿੱਚ ਪੈ ਗਈ ਹੈ । ਕੇਂਦਰ ਸਰਕਾਰ ਦੇ ਅਜਿਹੇ ਫੈਸਲਿਆਂ ਤੋਂ ਲੱਗ ਰਿਹਾ ਹੈ ਕਿ ਪੰਜਾਬ ਨੂੰ ਸਾਰੇ ਪਾਸਿਓਂ ਛਾਂਗ ਕੇ ਬੌਨਾ ਕੀਤਾ ਜਾਵੇਗਾ ਅਤੇ ਬਚੇ ਖੁਚੇ ਹਿੱਸੇ ਨੂੰ ਕੇਂਦਰੀ ਸ਼ਾਸਤ ਪ੍ਰਦੇਸ਼ ਬਣਾ ਕੇ ਕੇਂਦਰ ਵੱਲੋਂ ਸੰਚਾਲਿਤ ਕੀਤਾ ਜਾਵੇਗਾ ।

ਦੁਨੀਆ ਦੇ ਸਭ ਤੋਂ ਵੱਧ ਤਾਕਤਵਰ ਅਤੇ ਹੌਸਲੇਵਾਲੇ ਦਰਿਆ ਦਿਲ ਲੋਕਾਂ ਦੀ ਧਰਤੀ ਪੰਜਾਬ ਨੇ ਵੰਡ ਦਾ ਦਰਦ ਸਭ ਤੋਂ ਵੱਧ ਹੰਢਾਇਆ ਹੈ । ਕੋਈ ਸਮਾਂ ਸੀ ਜਦੋਂ ਖਾਲਸਾ ਰਾਜ ਸਮੇਂ ਪੰਜਾਬ ਦੀਆਂ ਸੀਮਾਵਾਂ ਚੀਨ, ਪਾਕਿਸਤਾਨ, ਅਫਗਾਨਿਸਤਾਨ, ਤਿੱਬਤ ਨਾਲ ਲੱਗਦੀਆਂ ਸਨ, ਜੰਮੂ ਕਸ਼ਮੀਰ, ਲਾਹੌਰ, ਮੁਲਤਾਨ ਅਤੇ ਪਿਸ਼ਾਵਰ ਪੰਜਾਬ ਦਾ ਹਿੱਸਾ ਸਨ । ਸਮਾਂ ਬੀਤਦਾ ਗਿਆ ਅਤੇ ਬੇਬਸ ਪੰਜਾਬ ਹੌਲੀ-ਹੌਲੀ ਤੂਤ ਦੀਆਂ ਛਟੀਆਂ ਵਾਂਗ ਛਾਂਗਿਆਂ ਜਾਂਦਾ ਰਿਹਾ । ਦੇਸ਼ ਅਜ਼ਾਦ ਹੋਇਆ ਤਾਂ ਉਸ ਦਾ ਸਭ ਤੋਂ ਵੱਧ ਨੁਕਸਾਨ ਅਤੇ ਦਰਦ ਪੰਜਾਬ ਨੂੰ ਹੀ ਝੱਲਣਾ ਪਿਆ । ਪੰਜਾਬ ਦੇ ਦੋ ਟੁਕੱੜੇ ਹੋਏ 'ਚੜ੍ਹਦਾ' ਅਤੇ 'ਲਹਿੰਦਾ' ਪੰਜਾਬ । ਪੰਜਾਬ ਦੇ ਲੋਕਾਂ ਨੇ ਹਿੰਮਤ ਨਹੀਂ ਹਾਰੀ, ਹਾਲਾਤਾਂ ਨਾਲ ਜੂਝਦੇ ਰਹੇ, ਪੰਜਾਬੀਆਂ ਨੇ ਕਦੇ ਵੀ ਪਿੱਛੇ ਮੁੜ ਕੇ ਨਹੀਂ ਦੇਖਿਆ ਸਗੋਂ ਅਗਾਂਹ ਵਧਦੇ ਗਏ, ਫਿਰ ਤੋਂ ਰੰਗਲਾ ਪੰਜਾਬ ਨਜ਼ਰ ਆਉਣ ਲੱਗਾ ਸੀ ਕਿ 1966 ਵਿੱਚ ਹਰਿਆਣਾ ਅਲੱਗ ਕਰ ਦਿੱਤਾ ਗਿਆ ਅਤੇ ਪੰਜਾਬ ਅਤੇ ਹਰਿਆਣਾ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਪੰਜਾਬ ਦੇ ਪੁਆਧ ਇਲਾਕੇ ਦੇ ਦਰਜਨਾਂ ਪਿੰਡਾਂ ਨੂੰ ਉਜਾੜ ਕੇ ਬਣਾਈ ਗਈ । 1971 ਵਿੱਚ ਫਿਰ ਹਿਮਾਚਲ ਪ੍ਰਦੇਸ਼ ਨਵਾਂ ਸੂਬਾ ਬਣਾ ਦਿੱਤਾ ਗਿਆ । ਪੰਜਾਬ ਇੱਕ ਵਾਰ ਨਹੀਂ ਬਲਿਕ ਅਨੇਕਾਂ ਵਾਰ ਛਾਂਗਿਆ ਗਿਆ ।

6 ਅਗਸਤ 2019 ਨੂੰ ਜੰਮੂ ਕਸ਼ਮੀਰ ਵਿੱਚੋਂ ਆਰਟੀਕਲ 370 ਹਟਾ ਦਿੱਤਾ ਗਿਆ ਜੋ ਉਸ ਨੂੰ ਬਾਕੀ ਰਾਜਾਂ ਨਾਲੋਂ ਵੱਧ ਅਧਿਕਾਰ ਦਿੰਦਾ ਸੀ । ਜੰਮੂ, ਕਸ਼ਮੀਰ ਅਤੇ ਲੱਦਾਖ ਤਿੰਨ ਕੇਂਦਰੀ ਸ਼ਾਸਤ ਪ੍ਰਦੇਸ ਬਣਾ ਦਿੱਤੇ ਗਏ । ਕੇਂਦਰ 'ਚ ਸੱਤਾ ਚਲਾ ਰਹੀ ਬੀਜੇਪੀ ਸਰਕਾਰ ਉਦੋਂ ਤੋਂ ਹੀ ਇਸ ਕੋਸ਼ਿਸ਼ ਵਿੱਚ ਹੈ ਕਿ ਕੁਝ ਹਾਲਾਤ ਠੀਕ ਹੋਣ ਅਤੇ ਜੰਮੂ ਨੂੰ ਪੰਜਾਬ ਦਾ ਨਾਲ ਲੱਗਦਾ ਇਲਾਕਾ ਸ਼ਾਮਲ ਕਰਕੇ ਪੂਰਨ ਰਾਜ ਬਣਾ ਦਿੱਤਾ ਜਾਵੇ ਜਿਸ ਨਾਲ ਪੰਜਾਬ ਅਤੇ ਕਸ਼ਮੀਰ ਦੋਵੇਂ ਕਮਜ਼ੋਰ ਹੋ ਜਾਣਗੇ ਅਤੇ ਬੀਜੇਪੀ ਆਸਾਨੀ ਨਾਲ ਜੰਮੂ ਸੂਬੇ ਵਿੱਚ ਆਪਣੀ ਸਰਕਾਰ ਬਣਾ ਸਕਦੀ ਹੈ । ਕਸ਼ਮੀਰ ਅਤੇ ਲੱਦਾਖ ਨੂੰ ਕੇਂਦਰੀ ਸ਼ਾਸਤ ਪ੍ਰਦੇਸ਼ ਹੀ ਰੱਖਿਆ ਜਾਵੇ ਜਿਸ ਨੂੰ ਦਿੱਲੀ ਤੋਂ ਗ੍ਰਹਿ ਵਿਭਾਗ ਵੱਲੋਂ ਚਲਾਇਆ ਜਾਵੇਗਾ । ਕੇਂਦਰ ਸਰਕਾਰ ਪਾਕਿਸਤਾਨ ਦੀਆਂ ਸੀਮਾਵਾਂ ਨਾਲ ਲੱਗਦਾ 50 ਕਿਲੋਮੀਟਰ ਦਾ ਇਲਾਕਾ ਪਹਿਲਾਂ ਹੀ ਬੀ.ਐਸ.ਐਫ. ਦੇ ਅਧੀਨ ਕਰ ਚੁੱਕੀ ਹੈ ਜੋ ਕਿ ਸਿੱਧੇ ਤੌਰ ਤੇ ਕੇਂਦਰ ਦੇ ਕੰਟਰੋਲ ਵਿੱਚ ਆਉਂਦਾ ਹੈ । ਪਿਛਲੇ ਕਈ ਦਿਨਾਂ ਤੋਂ ਚਰਚਾਵਾਂ ਚੱਲ ਰਹੀਆਂ ਹਨ ਕਿ ਚੰਡੀਗੜ੍ਹ 'ਚ ਦਿੱਲੀ ਵਾਂਗ ਵਿਧਾਨ ਸਭਾ ਕਾਇਮ ਕੀਤੀ ਜਾਵੇਗੀ ਜੋ ਕਿ ਚੰਡੀਗੜ੍ਹ ਦੇ ਪੰਜਾਬ ਨਾਲ ਲੱਗਦੇ ਇਲਾਕੇ ਵਿੱਚ ਸ਼ਾਮਲ ਕਰਕੇ ਹੀ ਸੰਭਵ ਹੈ । ਚੰਡੀਗੜ੍ਹ ਦੀ ਅਬਾਦੀ 10 ਲੱਖ ਦੇ ਕਰੀਬ ਹੈ ਜਿੱਥੇ ਸਿਰਫ ਇੱਕ ਐਮ.ਪੀ. ਹੀ ਬਣਦਾ ਹੈ । ਪਿਛਲੇ ਦਿਨੀਂ ਪੰਜਾਬ ਅੰਦਰ ਵੱਡੀ ਗਿਣਤੀ 'ਚ ਸੀਟਾਂ ਜਿੱਤ ਕੇ ਸੱਤਾ 'ਚ ਆਈ ਆਮ ਆਦਮੀ ਪਾਰਟੀ ਵੱਲੋਂ ਰਾਜ ਸਭਾ ਲਈ ਭੇਜੇ ਗਏ 5 ਮੈਂਬਰ ਵਿੱਚੋਂ 2 ਤਾਂ ਪੰਜਾਬੀ ਹੀ ਨਹੀਂ ਹਨ ਅਤੇ ਬਾਕੀ ਤਿੰਨ ਕਦੇ ਵੀ ਪੰਜਾਬ ਲਈ ਬੋਲਦੇ ਨਹੀਂ ਦੇਖੇ ਗਏ ਜੋ ਕਿ ਪੰਜਾਬ ਲਈ ਚੰਗਾ ਸੰਕੇਤ ਨਹੀਂ ਜਾਪਦੇ ।

ਕਹਾਵਤ ਹੈ ਕਿ ਸੋਚ ਚੰਗੀ ਹੋਵੇ ਜਾਂ ਮਾੜੀ ਇਸ 'ਤੇ ਕਿਸੇ ਦਾ ਵਸ਼ ਨਹੀਂ ਹੁੰਦਾ ।

ਉਪਰੋਕਤ ਸਭ ਸਾਜ਼ਿਸ਼ਾਂ ਬਾਰੇ ਬੀਜੇਪੀ ਸਰਕਾਰ ਸੋਚ ਤਾਂ ਸਕਦੀ ਹੈ ਪਰੰਤੂ ਉਨਾਂ ਨੂੰ ਪੰਜਾਬ ਅਤੇ ਪੰਜਾਬੀਆਂ ਦੇ ਇਤਿਹਾਸ ਬਾਰੇ ਜਾਣਕਾਰੀ ਨਹੀਂ ਹੈ ਜਦੋਂ ਪੰਜਾਬ ਦੀ ਹੋਂਦ ਦੀ ਗੱਲ ਆ ਗਈ ਤਾਂ ਹਕੂਮਤਾਂ ਦੇ ਸਭ ਮਨਸੂਬੇ ਫੇਲ ਹੋ ਜਾਣਗੇ । ਪੰਜਾਬ ਦੇ ਅਣਖੀ ਲੋਕ ਕਦੇ ਵੀ ਕਸ਼ਮੀਰ ਦੀ ਤਰ੍ਹਾਂ ਕੇਂਦਰ ਦੇ ਗੁਲਾਮ ਬਣਕੇ ਜੀਵਨ ਨਹੀਂ ਗੁਜਾਰਣਗੇ । ਇਤਿਹਾਸ ਗਵਾਹ ਹੈ ਕਿ ਅੰਗਰੇਜਾਂ ਨੇ ਸਾਰੇ ਭਾਰਤ ਤੇ ਕਬਜ਼ਾ ਕਰ ਲਿਆ ਪਰੰਤੂ ਪੰਜਾਬ ਦਾ ਨਾਮ ਸੁਣਕੇ ਹੀ ਡਰ ਜਾਂਦੇ ਸਨ । ਫਿਰ ਜਦੋਂ ਪੂਰੀ ਤਾਕਤ ਲਗਾ ਕੇ 1849 ਵਿੱਚ ਪੰਜਾਬ ਵੀ ਅੰਗਰੇਜੀ ਹਕੂਮਤ ਦੇ ਅਧੀਨ ਹੋ ਗਿਆ ਉਸੇ ਸਮੇਂ ਤੋਂ ਦੇਸ਼ ਦੀ ਆਜ਼ਾਦੀ ਲਈ ਵਿਦਰੋਹ ਤੇਜ਼ ਹੋ ਗਏ । ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਸਭ ਤੋਂ ਵੱਧ ਕੁਰਬਾਨੀਆਂ ਪੰਜਾਬੀਆਂ ਨੇ ਦਿੱਤੀਆਂ । ਭਾਰਤੀਆਂ ਤੇ ਜ਼ੁਲਮ ਕਰਨ ਵਾਲੇ ਅੰਗਰੇਜ਼ਾਂ ਨੂੰ ਉਨ੍ਹਾਂ ਦੇ ਘਰ 'ਚ ਜਾ ਕੇ ਮਾਰਿਆ । ਪੰਜਾਬੀਆਂ ਵਿੱਚ ਭਾਵੇਂ ਲੱਖ ਆਪਸੀ ਵੱਖਰੇਵੇਂ ਅਤੇ ਵਿਚਾਰਕ ਮੱਤਭੇਦ ਹੋਣ ਪਰੰਤੂ ਜਦੋਂ ਗੱਲ ਪੰਜਾਬ ਦੀ ਆਣ. ਸ਼ਾਨ ਅਤੇ ਹੋਂਦ ਦੀ ਆਵੇਗੀ ਤਾਂ ਸਾਰੇ ਪੰਜਾਬੀ ਇੱਕਜੁੱਟ ਹੋ ਕੇ ਕਿਸੇ ਵੀ ਵੱਡੀ ਤੋਂ ਵੱਡੀ ਤਾਕਤ ਖਿਲਾਫ ਡਟ ਜਾਣਗੇ ਅਤੇ ਕੇਂਦਰ ਦੇ ਨਾਦਰਸ਼ਾਹੀ ਫਰਮਾਨਾਂ ਨੂੰ ਠੁਕਰਾ ਦੇਣਗੇ ।

---

**ਬਾਬਾ ਨਾਨਕ ਅਤੇ ਮਰਦਾਨਾ ਇਕ ਪ੍ਰੋਗਰਾਮ 'ਚ ਗੇੜਾ ਮਾਰਦੇ ਹਨ ਜਿੱਥੇ ਬਾਬਾ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਜਾ ਰਿਹਾ ਹੈ। ਉਹ ਕਈ ਦੇਖਦੇ ਹਨ ਆਪ ਵੀ ਦੇਖੋ ਜੀ:-**

ਨਿਰਮਲ ਸਿੰਘ ਕੰਧਾਲਵੀ



ਦੇਖ ਮਰਦਾਨਿਆ
ਰੰਗ ਸਿੱਖ ਸੰਸਾਰ ਦੇ
ਬਾਣਾ ਪਾ ਕੇ ਸਿੱਖੀ ਵਾਲਾ
ਕਰਮ- ਕਾਂਡ ਪ੍ਰਚਾਰਦੇ
ਬਾਬਾ ! ਐਧਰ ਵੀ ਤੱਕੀਂ
ਬੜੀ ਏਥੇ ਧੂਮ ਧਾਮ ਏ
ਲਗਦੈ ਸਪੀਕਰਾਂ' ਚ
ਲੈਂਦੇ ਪਏ ਤੇਰਾ ਨਾਮ ਏ
ਮਰਦਾਨਾ ਹੈ ਕਰਮ-ਕਾਂਡ
ਰਖਾਇਆ ਏਹਨੀ ਪਾਠ ਐ
ਸ਼ਰਧਾ ਨਹੀਂ ਕੋਈ ਏਥੇ
ਬਸ ਸ਼ਾਹੀ ਠਾਠ ਬਾਠ ਐ
ਹੁੰਦੀ ਪਈ ਐ ਆਰਤੀ
ਦੀਵੇ ਥਾਲੀ ਵਿਚ ਬਾਲੇ ਨੇ
ਸ਼ਕਲ ਹੈਗੀ ਸਿੱਖਾਂ ਵਾਲੀ
ਫੜੇ ਪੰਡਿਆਂ ਦੇ ਚਾਲੇ ਨੇ
ਲੜੀਆਂ ਜਗਾਈਆਂ ਖ਼ੂਬ
ਪਰ ਦਿਲਾਂ 'ਚ ਹਨੇਰੇ ਨੇ
ਜੋਤਾਂ ਅਤੇ ਧੂਫਾ ਵਾਲੇ
ਪਾਖੰਡ ਵੀ ਬਥੇਰੇ ਨੇ
ਗੱਡੀ ਪੜ੍ਹ ਪੜ੍ਹ ਲੱਦੀ ਜਾਂਦੇ
ਬਾਣੀ ਨਹੀਂ ਵਿਚਾਰਦੇ
ਦੇਖ ਮਰਦਾਨਿਆਂ......
ਮਾਈਆਂ ਨੇ ਐਥੇ ਬਾਬਾ
ਘੜਮੱਸ ਬੜਾ ਪਾਇਆ ਏ
ਮੋਮਬੱਤੀਆਂ ਜਗਾਈਆਂ
ਵੱਡਾ ਟੇਬਲ ਸਜਾਇਆ ਏ
ਮਾਜਰਾ ਇਹ ਕੀ ਏ ਬਾਬਾ ?
ਏਹਨੀਂ ਸ਼ੋਰ ਕਾਹਦਾ ਪਾਇਆ ਏ
ਝੰਡੀਆਂ ਵੀ ਲਾਈਆਂ ਏਹਨਾਂ
ਬੜਾ ਟੌਹਰ ਬਣਾਇਆ ਏ
ਏਹਨੀਂ ਭਾਈ ਮਰਦਾਨਿਆਂ
ਮੇਰਾ ਬਰਥਡੇਅ ਮਨਾਉਣਾ ਏ
ਯੁਗ ਨਵੇਂ ਦਾ ਰਿਵਾਜ ਭਾਈ
ਏਹਨੀਂ ਕੇਕ ਵੀ ਛਕਾਉਣਾ ਏ
ਮਰਦਾਨਿਆਂ ਤੈਂ ਛਕਣਾ ਐ ਭਾਈ ?
ਏਹਨੀਂ ਹੁਣੇ ਵਰਤਾਉਣਾ ਏ
ਏਹਨੀਂ ਆਪਣੇ ਸੁਆਦਾਂ ਲਈ
ਇਹ ਵੀ ਮੇਰੇ ਖਾਤੇ ਪਾਉਣਾ ਏ
ਇਤਰਾਜ ਕੀਤਾ ਕਈ ਲੋਕਾਂ
ਬਹਾਨਾ ਵਧੀਆ ਬਣਾਇਆ ਏ
ਸਾਡਾ ਵੈਸ਼ਨੂੰ ਐ ਕੇਕ ਭਾਈ
ਕਿਹੜਾ ਆਂਡਾ ਵਿਚ ਪਾਇਆ ਏ
ਮਰਦਾਨਿਆਂ ਕੋਈ ਸੁਣਦਾ ਨਹੀਂ ਮੇਰੀ
ਮੈਂ ਤਾਂ ਬੜਾ ਸਮਝਾਇਆ ਏ
ਨਾਲ ਝੂਠੀਆਂ ਤਸੱਲੀਆਂ ਦੇ
ਹੈਨ ਅੱਗਾ ਇਹ ਸੰਵਾਰਦੇ
ਦੇਖ ਮਰਦਾਨਿਆਂ........
ਬਾਬਾ ! ਐਧਰ ਦੀਵਾਨ ਲੱਗਾ
ਆ ਜਾ ਜਰਾ ਬਹੀਏ
ਥੱਕ ਗਏ ਆਂ ਤੁਰ ਤੁਰ
ਆਰਾਮ ਕਰ ਲਈਏ
ਮਰਦਾਨਿਆਂ ! ਸੁਣੀਂ ਤਾਂ ਰਤਾ
ਕਈ ਕਹਿੰਦਾ ਕਥਾਕਾਰ ਏ
ਸਿਧਾਂਤ ਦੀ ਨਾ ਗੱਲ ਕੋਈ
ਬਸ ਸਾਖੀ ਪ੍ਰਚਾਰ ਏ
ਮੈਂ 'ਘਾਲ ਖਾਇ' ਹੋਕਾ ਦਿਤਾ
ਤੇ ਖ਼ੁਦ ਹਲ਼ ਵਾਹਿਆ ਏ
ਏਹਨੀਂ ਵਿਹਲੜਾਂ ਨੂੰ ਮੇਰੇ ਹੱਥੋਂ
ਲੰਗਰ ਛਕਾਇਆ ਏ
ਇਹੋ ਜਿਹੇ ਵਿਹਲੜਾਂ ਨੇ
ਲਿਖੀਆਂ ਨੇ ਸਾਖੀਆਂ
ਖਾਣ ਲਈ ਸ਼ਰਾਧ ਏਹਨਾਂ
ਗੱਲਾਂ ਝੂਠ ਆਖੀਆਂ
ਕਿਰਤੀਆਂ ਦਾ ਖਾ ਖਾ ਕੇ
ਇਹ ਘੁਰਾੜੇ ਖ਼ੂਬ ਮਾਰਦੇ
ਦੇਖ ਮਰਦਾਨਿਆਂ........
ਔਧਰ ਵੀ ਦੇਖੀਂ ਬਾਬਾ
ਹੁੰਦੀ ਪਈ ਲੜਾਈ ਐ
ਗਲ਼ਾਂ ਵਿਚ ਪੱਗਾਂ ਪਈਆਂ
ਕਿਵੇਂ ਗਾਹਲ ਵਰ੍ਹਾਈ ਐ
ਸਿਰਾਂ ਵਿਚੋ ਲਹੂ ਚੋਂਦੈ
ਕੱਪੜੇ ਵੀ ਪਾਟੇ ਨੇ
ਕੱਢੀਆਂ ਨੇ ਸ੍ਰੀ ਸਾਹਿਬਾਂ
ਵੱਢਦੇ ਪਏ ਗਾਟੇ ਨੇ
ਗੋਲਕਾਂ ਤੇ ਚੌਧਰਾਂ ਦੇ
ਮਰਦਾਨਿਆਂ ਇਹ ਰੌਲ਼ੇ ਨੇ
ਮਾਇਆ ਵਿਚ ਅੰਨ੍ਹੇ ਹੋਏ
ਇਕ ਦੂਜੇ ਤਾਈਂ ਮਾਰਦੇ
ਦੇਖ ਮਰਦਾਨਿਆਂ........
ਔਧਰੋਂ ਹਜੂਮ ਬਾਬਾ
ਏਧਰ ਨੂੰ ਆਉਂਦਾ ਏ
ਸ਼ੋਰ ਸ਼ਰਾਬਾ ਬੜਾ
ਜੈਕਾਰੇ ਵੀ ਗੁਜਾਉਂਦਾ ਏ
ਕੌਣ ਨੇ ਇਹ ਲੋਕ ਬਾਬਾ ?
ਤੇ ਕਿਧਰ ਨੂੰ ਜਾਂਦੇ ਨੇ
ਢੋਲ ਢਮੱਕੇ ਏਨੇ ਬਾਬਾ
ਕਿੰਨਾ ਕੰਨ ਪਏ ਖਾਂਦੇ ਨੇ
ਕਦੇ ਕਹਿੰਦੇ ਸੀ ਜਲੂਸ
ਹੁਣ ਹੋਰ ਕੁਝ ਕਹਿੰਦੇ ਨੇ
ਇਹ ਵੀ ਸਾਰੇ ਅੱਜ ਮੇਰਾ
ਬਰਥਡੇਅ ਮਨਾਂਦੇ ਨੇ
ਖਾਣ ਪੀਣ ਉੱਤੇ ਲੱਗਾ
ਇਹਨਾਂ ਦਾ ਸਾਰਾ ਜੋਰ ਏ
ਫੋਟੋਆਂ ਖਿਚਾਉਣ ਲਈ
ਬੜੀ ਕੱਢੀ ਏਹਨਾਂ ਟੌਹਰ ਏ
ਨੋਟਾਂ ਦੀਆਂ ਬੋਰੀਆਂ ਇਹ
ਭਰ ਭਰ ਸੰਭਾਲਦੇ
ਦੇਖ ਮਰਦਾਨਿਆਂ...........
ਜਲੇਬੀਆਂ ਪਕੌੜੇ ਬਾਬਾ
ਬੜੇ ਖੁੱਲ੍ਹੇ ਵਰਤਾਂਵਦੇ
ਠੰਡਾ ਪੀਉ ਸ਼ੌਕ ਨਾਲ
ਨਾਲੇ ਚਾਹ ਵੀ ਛਕਾਂਵਦੇ
ਔਹ ਲੋਕਾ ਵਲੇ ਦੇਖੀਂ ਬਾਬਾ
ਮਾਲ ਬੈਗਾਂ ਵਿਚ ਪਾਂਵਦੇ
ਸੰਗਦੇ ਨਹੀਂ ਰਤਾ ਮੂਲ਼ੇ
ਰਾਸ਼ਨ ਘਰਾਂ ਨੂੰ ਲਿਜਾਂਵਦੇ
ਵਲੈਤ ਵਿਚ ਰਹਿ ਕੇ ਬਾਬਾ
ਨੰਗ ਭੁੱਖ ਆ ਖਿਲਾਰਦੇ
ਬਾਬਾ ਜੀ ਮੈਂ ਦੇਖ ਰਿਹਾਂ
ਰੰਗ ਸਿੱਖ ਸੰਸਾਰ ਦੇ.......
ਐਧਰ ਵੀ ਦੇਖੀਂ ਬਾਬਾ
ਲੱਗਾ ਸਾਧਾਂ ਦਾ ਦੀਵਾਨ ਐ
ਜਰਾ ਟੌਹਰ ਤਾਂ ਦੇਖੀਂ
ਨਿਰਾਲੀ ਇਹਦੀ ਸ਼ਾਨ ਐ
ਇਹਨਾਂ ਠੱਗਾਂ ਮਰਦਾਨਿਆਂ
ਸਕੀਮ ਵਧੀਆ ਬਣਾਈ ਏ
ਨਾਮ ਮੇਰੇ ਨਾਲ ਤਸਵੀਰ
ਸਾਧ ਆਪਣੇ ਦੀ ਲਾਈ ਏ
ਨਾਮ ਵਰਤਣਗੇ ਮੇਰਾ
ਗੁਣ ਬੂਬਨੇ ਦੇ ਗਾਉਣਗੇ
ਇਸ਼ਤਿਹਾਰ ਮੇਰੇ ਨਾਂ ਦੇ
ਦਿਨ ਸਾਧ ਦਾ ਮਨਾਉਣਗੇ
ਗਪੌੜਿਆਂ ਦੇ ਨਾਲ ਏਹਨੀਂ
ਹੱਟ ਵੱਡੇ ਵੱਡੇ ਪਾਏ ਨੇ
ਠੱਕ-ਠੱਕੇ ਵਾਹਵਾ ਏਹਨੀਂ
ਮੇਰੇ ਨਾਮ 'ਤੇ ਚਲਾਏ ਨੇ
ਇਹ ਝੋਲੀ-ਚੁੱਕ ਹਾਕਮਾਂ ਦੇ
ਹਰ ਪਾਸੇ ਹੁਣ ਛਾਏ ਨੇ
ਸਿੱਧੇ ਸਾਦੇ ਲੋਕ ਏਹਨੀਂ
ਪਿੱਛੇ ਆਪਣੇ ਲਗਾਏ ਨੇ
ਘੱਟੇ ਰੁਲ਼ਦਾ ਏ ਲਾਲੋ
ਭਾਗੋ ਯਾਰ ਬਣਾਏ ਨੇ
ਹਕੂਮਤਾਂ ਦੇ ਥਾਪੜੇ 'ਨਾ
ਸਭ ਨੂੰ ਇਹ ਚਾਰਦੇ
ਦੇਖ ਮਰਦਾਨਿਆਂ.......
ਮੈਂ ਖ਼ੁਦ ਨੀਚ ਅਖਵਾਇਆ
ਇਹ ਸੰਤ ਬਣੀ ਜਾਂਦੇ ਨੇ
ਡਾਲੇ ਪੇਡੇ ਸਣੇ ਭਾਈ
ਸਭ ਕੁਝ ਛਕੀ ਜਾਂਦੇ ਨੇ
ਜਾਂਦੇ ਸਾਗਰਾਂ ਦੇ ਪਾਰ
ਪੌਂਡ ਡਾਲਰ ਲਿਆਂਦੇ ਨੇ
ਟੌਹਰ ਕੱਢਣੇ ਲਈ ਪੂਰੀ
ਕਾਰਾਂ ਮਹਿੰਗੀਆਂ ਕਢਾਂਦੇ ਨੇ
ਆਪ ਮਾਇਆ ਵਿਚ ਡੁੱਬੇ
ਪਰ ਲੋਕਾਂ ਨੂੰ ਇਹ ਤਾਰਦੇ
ਦੇਖ ਮਰਦਾਨਿਆਂ.........
ਔਹ ਦੇਖ ਮਰਦਾਨਿਆਂ
ਲੱਗਾ ਹੋਰ ਇਕ ਦੀਵਾਨ ਏ
ਬੜਾ ਵੱਡਾ ਸ਼ਾਮਿਆਨਾ
ਇਹਦੀ ਵੱਖਰੀ ਹੀ ਸ਼ਾਨ ਏ
ਢਾਡੀ ਗਾਂਵਦੇ ਨੇ ਵਾਰਾਂ
ਬੜੀ ਮਿੱਠੀ ਜਿਹੀ ਤਾਨ ਏ
ਬਾਬਾ ! ਐਹ ਮੈਂ ਕੀ ਸੁਣ ਰਿਹਾਂ
ਇਹ ਮੈਨੂੰ ਭੁੱਖਾ ਭੁੱਖਾ ਦੱਸਦੇ
ਅੱਗੇ ਬੈਠੇ ਲੋਕ ਸਾਰੇ
ਕਾਹਤੋਂ ਹਿੜ ਹਿੜ ਹੱਸਦੇ
ਢਾਡੀਆਂ ਨੇ ਖ਼ੂਬ ਉੱਥੇ
ਮਰਦਾਨੇ ਤਾਈਂ ਭੰਡਿਆ
ਕਹਿ ਕਹਿ ਕੇ ਮਿਰਾਸੀ ਉਹਨੂੰ
ਖ਼ੂਬ ਉਹਨੀਂ ਭੰਡਿਆ
ਟਿਚਰਾਂ ਦੇ ਨਾਲ ਮੌਜੂ
ਉਸ ਦਾ ਉਡਾਇਆ ਸੀ
ਕਹਿ ਕਹਿ ਕੇ ਨੀਵੀਂ ਜਾਤ
ਦਿਲ ਉਸ ਦਾ ਦੁਖਾਇਆ ਸੀ
ਮਰਦਾਨੇ ਦੀਆਂ ਅੱਖਾਂ ਵਿਚ
ਜਲ ਭਰ ਆਇਆ ਸੀ
ਬਾਬੇ ਵਲ ਦੇਖ ਉਹਨੇ
ਮੁੱਖੋਂ ਇਹ ਅਲਾਇਆ ਸੀ
ਚੁੱਕੀ ਫਿਰਦੇ ਨੇ ਜਾਤ ਪਾਤ
ਇਹ ਉਚ ਨੀਚ ਮੰਨਦੇ
ਕਿੱਥੋਂ ਦੇ ਇਹ ਸਿੱਖ ਬਾਬਾ
ਜੋ ਗੁਰੂ ਦੀ ਨਹੀਂ ਮੰਨਦੇ
ਮਨ ਨੇ ਮਲੀਨ ਬਾਬਾ
ਇਹ ਭਰੇ ਹੋਏ ਹੰਕਾਰ ਦੇ
ਦੇਖ ਲਏ ਮੈਂ ਰੰਗ ਸਾਰੇ
ਸਿੱਖ ਸੰਸਾਰ ਦੇ
ਬਾਣਾ ਪਾਉਂਦੇ ਸਿੱਖੀ ਵਾਲਾ
ਪਰ ਪੁਤਲੇ ਹੰਕਾਰ ਦੇ.......
ਬਾਬਾ ! ਸੱਚੋ ਸੱਚ ਦੱਸੀਂ
ਕਈ ਮਿਰਾਸੀ ਹੋਣਾ ਪਾਪ ਏ ?
ਸੀ ਤੂੰ ਹੀ ਸਮਝਾਇਆ
ਰੱਬ ਸਭਨਾਂ 'ਚ ਆਪ ਏ
ਤੇਰੇ ਨਾਲ ਰਹਿ ਕੇ ਬਾਬਾ
ਲੱਥੀ ਜਨਮਾਂ ਦੀ ਭੁੱਖ ਏ
ਜਿਸ ਦਾ ਨਹੀਂ ਮੁੱਲ ਕੋਈ
ਮੈਂ ਪਾਇਆ ਐਸਾ ਸੁਖ ਐ
ਕਾਹਨੂੰ ਫੇਰ ਏਹ ਬਾਬਾ ਮੈਨੂੰ
ਭੁੱਖਾ ਭੁੱਖਾ ਕਹਿੰਦੇ ਆ
ਇਕ ਇਕ ਪੌਂਡ ਪਿੱਛੇ
ਪ੍ਰਬੰਧਕਾਂ 'ਨਾ ਖਹਿੰਦੇ ਆ
ਚਲ ਏਥੋਂ ਤੁਰ ਬਾਬਾ
ਇਹ ਨੇ ਝੂਠ ਪਰਚਾਰਦੇ
ਦੇਖ ਲਏ ਮੈ ਰੰਗ ਸਾਰੇ
ਸਿੱਖ ਸੰਸਾਰ ਦੇ
ਬਾਣਾ ਪਾ ਕੇ ਸਿੱਖੀ ਵਾਲਾ
ਕਰਮ-ਕਾਂਡ ਪਰਚਾਰਦੇ
ਦੇਖ ਏ ਮੈ ਰੰਗ ਸਾਰੇ
ਸਿੱਖ ਸੰਸਾਰ ਦੇ.......

# ਆਓ ! ਡਰਾਇਵਰ ਭਰਾਵਾਂ ਦਾ ਦਿਲੋਂ ਸਤਿਕਾਰ ਕਰੀਏ ... !



ਮਾਸਟਰ ਸੰਜੀਵ ਧਰਮਾਣੀ
ਸ਼੍ਰੀ ਅਨੰਦਪੁਰ ਸਾਹਿਬ .
9478561356.

ਜਿੰਦਗੀ ਕੇ ਹਰ ਮੋੜ ਪਰ ਹਰ ਵਖਤ ਅਕੇਲੇ ਹੈਂ ਹਮ ,
ਫਿਰ ਭੀ ਹਰ ਗਮ ਹੰਸ ਕੇ ਸਹਿ ਲੇਤੇ ਹੈਂ ਹਮ..."

THE proposed all-India judicial service (AIJS) is in the spotlight again, with President Droupadi Murmu suggesting that it should be created to 'select brilliant youngsters and nurture their talent from lower to higher levels in the judiciary'. She has stressed the need for establishing a system in which judges can be recruited from varied backgrounds through a process which is merit-based, competitive and transparent.



The AIJS has been a subject of debate for decades; the first Law Commission, in its 14th report (1958), recommended its creation in the interest of 'efficiency of the subordinate judiciary'. The Constitution was amended in 1976 to provide for the AIJS under Article 312. In March this year, the government had told Parliament that a properly framed all-India judicial service was important to strengthen the overall justice delivery system. However, the government had stated that there was no consensus on the proposal in view of divergence of opinion among the states and also among the High Courts. The AIJS, on the lines of other all-India services such as the IAS and the IPS, is a must to standardise and streamline judicial recruitments and ensure that the most deserving candidates are selected. It is also much needed to make the judiciary more representative and inclusive through adequate reservation for aspirants from marginalised and deprived sections of society.

Shockingly, the Bar Council of India had claimed in 2017 that 40-45 per cent of the lawyers in the country were probably having fake degrees. This makes the AIJS all the more relevant as it can reduce or eliminate the scope for political interference and irregularities in recruitments. The 2017 Haryana Civil Services (judicial branch) paper leak case, in which a former High Court registrar is among the accused, is symptomatic of the rot plaguing the system at the state level. A big challenge, of course, is to build consensus on the matter. It is hoped that the President's pitch for the AIJS will make dissenting state governments and High Courts see reason.

# Moitra row fallout: Denial of login access to staff tough on MPs

THE cash-for-query controversy involving Trinamool Congress MP Mahua Moitra has led to a difficult tweak in the rules for accessing the Digital Sansad portal. The Lok Sabha authorities have reportedly confined its access to the MPs, leaving out their PAs. The move can be tough on most MPs as they depend upon their personal staff to carry out, on their behalf, routine parliamentary functions, including drafting of questions, requests for discussions, draft Bills, etc.

This dependence stems from the MPs being busy with constituency/party matters and/or being digitally challenged. The Lok Sabha manual allows them to authorise their bona fide PAs to log into their accounts for official work. Denial of access to their staff will prompt the MPs to be digitally savvy and spend more screen time to remain engaged in parliamentary business. There is no quarrel with the move to ensure that login details are not shared with unauthorised persons or outsiders. However, an MP's staff members don't fall in this category. The curbs are unwarranted as the Moitra case pertains to the allegation that she shared her portal password with a businessman, Dubai resident Darshan Hiranandani. The IT ministry has confirmed that the TMC leader's parliamentary ID was accessed 49 times from Dubai. This followed a probe into BJP MP Nishikant Dubey's accusations that Moitra took bribes from Hiranandani to ask questions targeting the Adani Group in Parliament. The Lok Sabha Ethics Committee probing the matter has recommended Moitra's expulsion from the LS due to a serious breach of parliamentary rules. Even as investigations into the corruption charge are still on, a case is definitely made out to allow M thorised personal staff to access the Digital Sansad portal.

# Farmers deserve a fair deal

**Devinder Sharma**
Food & Agriculture Specialist

AMID the Assembly elections in five states, the competition between the BJP and the Congress to woo farmers with the promise of providing higher prices for their produce will hopefully create a new template for the 2024 General Election, even as farmers of Punjab and Haryana have launched an agitation in support of their demands, including a legal guarantee for the MSP (minimum support price).

In a way, politics is struggling hard to emerge out of the clutches of the mainstream economic thinking that has kept agriculture in perpetual poverty. For several decades now, the dominant economic thinking has been to keep farm prices low so as to rein in inflation, which is primarily the reason why farmers remain impoverished. A recent study by the Organisation for Economic Cooperation and Development (OECD), the world's richest trading bloc, has conclusively shown that Indian farmers have been continuously taxed since 2000. The root cause of the prevailing agrarian distress is clearly before us. The study, which spans 54 countries, also shows that although there are a few countries where farmers are in the 'negative zone', it is only in India that no effort has been made to make up for the losses through budgetary support. Simply put, it means that all these years, Indian farmers were left high and dry. For more than 20 years, farmers have been largely harvesting losses.

It suited the mainline economic thinking which believes in sacrificing agriculture to keep economic reforms viable. It was the same dominant thought process that had managed to torpedo the implementation of the MS Swaminathan Commission's recommendation, which wanted farmers to be paid the MSP by computing the weighted cost plus a profit margin of 50 per cent ('C2+50 per cent', as it is technically known as). The plea before the Supreme Court that it would not be feasible to provide farmers a price based on the 'C2+50 per cent' formula as it would 'distort markets' was an outcome of the same outdated economic thinking. Irrespective of what the mainline economists would say, political parties are trying to go the extra mile for the sake of the beleaguered farming community. They realise that agriculture needs to be pulled out of the severe crisis, and the key lies in providing a higher assured income. The iconic farmers' protest at the borders of Delhi in 2020-21 opened their eyes, and it has dawned on them that farmers growing food cannot be penalised any more. It is interesting to see that in Chhattisgarh, for instance, where the paddy procurement price was already high at Rs 2,640 per quintal (against the procurement price of Rs 2,183 for the 2023 marketing season), the Congress first raised it to Rs 3,200, with the promise to procure at least 20 quintals per acre. To match this price, the BJP made a commitment to procure paddy at Rs 3,100 per quintal, pledging that it would buy 21 quintals per acre. Similarly, for wheat in Madhya Pradesh, the price offered is relatively higher: Rs 2,600 per quintal by the Congress and Rs 2,700 by the BJP. In Rajasthan, the Congress has promised to pay MSP as per the 'C2+50 per cent' formula; in Telangana, it has pledged to provide farmers with Rs 15,000 as direct income support if voted to power. Surprisingly, while both parties had dithered on implementing the Swaminathan panel's recommendations, which were presented in 2006, the paddy and wheat prices promised in the poll-bound states are equal to or exceed the 'C2+50 per cent' formula cost. While many people are wondering whether these poll promises would be fulfilled, the race for announcing higher farm prices at least demonstrates that politicians are beginning to realise the pain, agony and suffering of the farming community. Already, several mainline economists have begun to question the economic rationale behind announcing higher prices; they are also asking where the additional resources will come from. The chorus will only grow louder in the days to come. Strangely, the same economic thinking has never questioned the rationale for writing off nearly Rs 15 lakh crore of corporate bad loans in the past 10 years, nor has it found fault with the economics that forces banks to compromise, with over 16,000 wilful defaulters getting a walk-over with an outstanding sum of Rs 3.45 lakh crore.

# Voice of the jobless youth in Telangana's hinterland

**Vivek Katju**
Former Secretary, Ministry of External Affairs

ON November 27, I glimpsed new India's courage and aspiration on the face of Karne Shireesha, the only woman candidate in Telangana's Kollapur Assembly constituency. Shireesha, popularly known as Barrelakka, is only 26. She is a member of the Mala community, a Scheduled Caste, contesting as an Independent from a general constituency. She is poor and had to undertake crowdfunding to finance her nomination. Her campaign is also being funded by well-wishers.

She is a sensation on social media, politely spreading her message about the need for the youth to have opportunities for gainful employment and for the state to do more in the health sector. She is making the same points in her in-person interaction with her constituents. What is remarkable — in these times of no-holds-barred attacks on political rivals — is the absence of bitterness in her statements and speeches despite the slights and indignities she has had to endure in her young life. And, this courtesy has continued even after her younger brother was beaten up by a group of young men some days ago. That made her approach the Telangana High Court for police protection.

Barrelakka means 'sister of buffaloes' in Telugu. My Hyderabad friends tell me that in middle-class Telangana homes, children are warned to study, lest they end up tending to buffaloes! But Shireesha has made the word evocative; thereby hangs a tale. She completed her graduation but could not get a stable job. She began working in the catering business, but could not take insults she was subjected to and went back to her village. Two years ago, she persuaded her mother, who runs a village tea stall, to buy her four buffaloes to look after them. She then put out a video saying that degrees did not get jobs and there were no notifications for government jobs. Her buffaloes would give milk and enable her to make money. The video went viral, especially after it was shared by Congress MLA Seethakka. In a video recorded after she had filed her nomination, Shireesha mentioned that she has two younger brothers and that her parents have separated. She spoke of the



health issues of her mother and one of her brothers. She said she had studied in Kollapur up to graduation. Shireesha's social media posts were already gaining attention, but her sheer audacity in contesting the election have made her more popular. She said she had decided to contest the elections after undergoing trauma over the criminal case registered against her. The police told her about the case but did not mention the charges. It seems that the case was filed because of her social media post that "it is better to look after buffaloes than seek jobs". Centre-Left activists have been greatly enthused by Shireesha. Many have gone to the constituency to work and manage her campaign. A visit to Kollapur revealed that a large number of voters had heard of her. In particular, women, especially younger ones, seem to be inspired by her, and some assert that she should be supported. Her message of becoming the voice of the unemployed youth in the Assembly is also resonating with sections of the young population. However, elections are not won by enthusiasm alone, nor by the work of outside activists. Shireesha's organisational inadequacies are obvious and it is difficult to visualise that she will be able to overcome them, especially against the established political elements of the ruling or Opposition parties. The sitting MLA is from the ruling Bharat Rashtra Samithi (BRS) and belongs to the dominant Reddy caste. In a general constituency, caste, established influence and entrenched power are permanent political factors.

What, then, does Shireesha's candidacy signify? Clearly, the attention she has got is the result of her social media posts that reflected the anguish and uncertainties of the educated youth, especially from the historically disadvantaged sections of society. Hyderabad has transformed into a vibrant city, serving as a hub for the software industry and the pharmaceutical sector. It stands as a symbol of modern India and the ongoing developmental processes in the country. In the Telangana countryside, away from Hyderabad, the poverty which is still present in some of the northern states is not visible. But the disparity between Hyderabad and the countryside is striking. What is noteworthy is that Shireesha represents the large number of young people who are being left behind in the development process. They are hankering for stable jobs and asking for basic amenities, which those who are able to take advantage of in the present system are taking for granted. It is here that Shireesha's transformation into Barrelakk a the candidate becomes significant. For, far from being an individual, she has become a symbol. That is obvious from the attention she has attracted and the support she has got. A small group of pensioners from the state civil services, present at a wayside gathering she addressed, told this writer that they had come to show support so that more Shireeshas could emerge. Clearly, in the person of this gutsy young woman, at least some are witnessing the inadequacies of the developmental models pursued over the past three decades. There is no doubt that the established political personalities of the area are unhappy at Shireesha's candidacy. This is shown by some getting her father to badmouth her on social media. She has paid no attention to her father's utterings, and it appears that it has not affected voters too. The beating up of her brother is another manifestation of the traditional use of force by the dominant castes, but Shireesha's calm reaction seems to have only gained her greater sympathy.

# ਪੰਜਾਬੀ ਕਰੇਗਾ ਅੰਡਰ-19 ਏਸ਼ੀਆ ਕੱਪ 'ਚ ਭਾਰਤ ਦੀ ਕਪਤਾਨੀ

ਨਵੀਂ ਦਿੱਲੀ: ਅਗਲੇ ਮਹੀਨੇ ਤੋਂ ਦੁਬਈ 'ਚ ਸ਼ੁਰੂ ਹੋਣ ਵਾਲੇ ਪੁਰਸ਼ਾਂ ਦੇ ਅੰਡਰ-19 ਏਸ਼ੀਆ ਕੱਪ ਲਈ ਪੰਜਾਬ ਦੇ ਉਦੈ ਪ੍ਰਤਾਪ ਸਿੰਘ ਨੂੰ ਭਾਰਤੀ ਟੀਮ ਦਾ ਕਪਤਾਨ ਬਣਾਇਆ ਗਿਆ ਹੈ। ਰਾਜਸਥਾਨ 'ਚ ਜਨਮੇ ਉਦੈ 14 ਸਾਲ ਦੀ ਉਮਰ 'ਚ ਕ੍ਰਿਕਟ ਦਾ ਸੁਪਨਾ ਦੇਖਦੇ ਹੋਏ ਪਰਿਵਾਰ ਸਮੇਤ ਪੰਜਾਬ ਆ ਗਿਆ ਸੀ ਜਿੱਥੇ ਉਸ ਨੇ ਪੰਜਾਬ ਵੱਲੋਂ ਅੰਡਰ-14, ਅੰਡਰ-16 ਅਤੇ ਅੰਡਰ-19 ਟੀਮਾਂ 'ਚ ਖੇਡਦੇ ਹੋਏ ਸ਼ਾਨਦਾਰ ਬੱਲੇਬਾਜ਼ੀ ਕੀਤੀ। ਭਾਰਤ ਆਪਣੇ ਲੀਗ ਮੈਚਾਂ 'ਚ 8 ਦਸੰਬਰ ਨੂੰ ਅਫ਼ਗਾਨਿਸਤਾਨ, 10 ਦਸੰਬਰ ਨੂੰ ਪਾਕਿਸਤਾਨ ਅਤੇ 12 ਦਸੰਬਰ ਨੂੰ ਨੇਪਾਲ ਖ਼ਿਲਾਫ਼ ਖੇਡੇਗਾ।

ਉਦੈ ਨੇ ਭਾਰਤ ਦੀ B ਟੀਮ ਦੀ ਕਪਤਾਨੀ ਕਰਦੇ ਹੋਏ ਚੈਲੰਜਰ ਟਰੌਫ਼ੀ ਦੇ ਪੰਜ ਮੈਚਾਂ 'ਚ ਸ਼ਾਨਦਾਰ 297 ਦੌੜਾਂ ਬਣਾਈਆਂ ਸਨ ਜਿਸ ਕਾਰਨ ਉਸ ਨੂੰ BCCI ਦੀ ਜੂਨੀਅਰ ਕਮੇਟੀ ਵਲੋਂ ਸਨਮਾਨਿਤ ਵੀ ਕੀਤਾ ਗਿਆ ਸੀ। ਇਸ ਬਾਰੇ ਉਦੈ ਨੇ ਕਿਹਾ ਕਿ ਚੈਲੰਜਰ ਟਰੌਫ਼ੀ ਦੇ ਪ੍ਰਦਰਸ਼ਨ ਨੇ ਉਸ ਨੂੰ ਕਾਫ਼ੀ ਆਤਮ-ਵਿਸ਼ਵਾਸ ਦਿਵਾਇਆ ਹੈ। ਉਸ ਨੇ ਇਹ ਵੀ ਕਿਹਾ ਕਿ ਅੰਡਰ-19 ਟੀਮ ਦਾ ਹਿੱਸਾ ਬਣ ਕੇ ਆਪਣੇ ਹੁਨਰ ਦਾ ਸ਼ਾਨਦਾਰ ਪ੍ਰਦਰਸ਼ਨ ਕਰਨ ਦਾ ਇਹ ਬਹੁਤ ਵੱਡਾ ਮੌਕਾ ਹੈ। ਏਸ਼ੀਆ ਕੱਪ ਟੂਰਨਾਮੈਂਟ ਦੇ ਇਤਿਹਾਸ 'ਚ ਭਾਰਤੀ ਟੀਮ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ ਹੈ।



ਉਸ ਨੇ ਕਿਹਾ ਕਿ ਇਸ ਸਮੇਂ ਉਹ ਟੂਰਨਾਮੈਂਟ 'ਚ ਬਹੁਤ ਸਾਰੀਆਂ ਦੌੜਾਂ ਬਣਾਉਣ ਬਾਰੇ ਸੋਚ ਰਿਹਾ ਹੈ।

ਉਦੈ ਦੇ ਪਿਤਾ ਵੀ ਪਹਿਲਾਂ ਕ੍ਰਿਕਟ ਖੇਡਦੇ ਸਨ। ਉਹ ਚਾਹੁੰਦੇ ਹਨ ਕਿ ਉਦੈ ਆਪਣਾ ਕ੍ਰਿਕਟਰ ਬਣਨ ਦਾ ਸੁਪਨਾ ਪੂਰਾ ਕਰੇ। ਉਦੈ ਤੋਂ ਇਲਾਵਾ ਲੁਧਿਆਣਾ ਦੇ ਤੇਜ਼ ਗੇਂਦਬਾਜ਼ ਆਰਾਧਿਆ ਸ਼ੁਕਲਾ ਨੂੰ ਵੀ ਭਾਰਤੀ ਅੰਡਰ-19 ਟੀਮ ਲਈ ਚੁਣਿਆ ਗਿਆ ਹੈ। ਆਰਾਧਿਆ ਦੇ ਦਾਦਾ ਡਾ. ਫ਼ਕੀਰ ਚੰਦ ਸਾਬਕਾ ਪ੍ਰੋਫ਼ੈਸਰ ਰਹਿ ਚੁੱਕੇ ਹਨ ਅਤੇ ਮੰਨੇ-ਪ੍ਰਮੰਨੇ ਲੇਖਕ ਵੀ ਹਨ, ਅਤੇ ਜਦੋਂ ਤੋਂ ਉਨ੍ਹਾਂ ਦੇ ਪੋਤੇ ਦੀ ਟੀਮ 'ਚ ਚੋਣ ਹੋਈ ਹੈ, ਘਰ 'ਚ ਵਿਆਹ ਵਰਗਾ ਮਾਹੌਲ ਬਣਿਆ ਹੋਇਆ ਹੈ।

ਸਾਬਕਾ ਅੰਡਰ-19 ਟੀਮ ਮੈਂਬਰ ਮਨੀਸ਼ ਸ਼ਰਮਾ, ਜੋ ਹੁਣ ਕੋਚ ਬਣ ਗਏ ਹਨ, ਨੇ ਦੱਸਿਆ ਕਿ ਉਦੈ ਪਿਛਲੇ ਦੋ ਸਾਲਾਂ ਤੋਂ ਪੰਜਾਬ ਦੀ ਅੰਡਰ-19 ਟੀਮ ਦਾ ਹਿੱਸਾ ਰਿਹਾ ਹੈ ਤੇ ਲਗਾਤਾਰ ਵਧੀਆ ਪ੍ਰਦਰਸ਼ਨ ਕਰ ਰਿਹਾ ਹੈ। ਉਹ ਨੰਬਰ ਤਿੰਨ 'ਤੇ ਬੱਲੇਬਾਜ਼ੀ ਕਰਦਾ ਹੈ ਅਤੇ ਟੀਮ ਨੂੰ ਵਧੀਆ ਸ਼ੁਰੂਆਤ ਦਿਵਾਉਣ 'ਚ ਕਾਫ਼ੀ ਯੋਗਦਾਨ ਦਿੰਦਾ ਹੈ। ਉਮੀਦ ਹੈ ਕਿ ਉਹ ਏਸ਼ੀਆ ਕੱਪ 'ਚ ਵੀ ਵਧੀਆ ਪ੍ਰਦਰਸ਼ਨ ਕਰੇਗਾ ਅਤੇ ਅੰਡਰ-19 ਵਿਸ਼ਵ ਕੱਪ ਟੀਮ 'ਚ ਆਪਣਾ ਨਾਂ ਦਰਜ ਕਰਵਾਏਗਾ।

ਜਿਕਰਯੋਗ ਹੈ ਅੰਡਰ-19 ਚੈਂਪੀਅਨ ਹੈ ਤੇ ਟੂਰਨਾਮੈਂਟ ਇਤਿਹਾਸ ਦੀ ਸਭ ਤੋਂ ਸਫ਼ਲ ਟੀਮ ਹੈ। ਸਾਲ 1989 ਤੋਂ ਸ਼ੁਰੂ ਹੋਏ ਇਸ ਟੂਰਨਾਮੈਂਟ ਦੇ ਹੁਣ ਤਕ ਨੌਂਜ਼ ਸੀਜ਼ਨ ਹੋਏ ਹਨ ਜਿਨ੍ਹਾਂ 'ਚੋਂ ਅੱਠ ਭਾਰਤ ਨੇ ਜਿੱਤੇ ਹਨ।

# IPL-2024 ਤੋਂ ਪਹਿਲਾਂ ਗੁਜਰਾਤ ਟਾਈਟਨਜ਼ ਨੇ ਸ਼ੁਭਮਨ ਗਿੱਲ ਨੂੰ ਬਣਾਇਆ ਕਪਤਾਨ

ਨਵੀਂ ਦਿੱਲੀ: IPL-2024 ਦੀ ਨਿਲਾਮੀ ਤੋਂ ਪਹਿਲਾਂ ਵੱਡੀ ਖ਼ਬਰ ਸਾਹਮਣੇ ਆਈ ਹੈ। ਗੁਜਰਾਤ ਟਾਈਟਨਜ਼ ਨੇ ਆਪਣੇ ਨਵੇਂ ਕਪਤਾਨ ਦਾ ਐਲਾਨ ਕਰ ਦਿੱਤਾ ਹੈ।



ਭਾਰਤੀ ਟੀਮ ਦੇ ਸਲਾਮੀ ਬੱਲੇਬਾਜ਼ ਸ਼ੁਭਮਨ ਗਿੱਲ ਗੁਜਰਾਤ ਟਾਈਟਨਜ਼ ਦੇ ਕਪਤਾਨ ਹੋਣਗੇ। ਹਾਰਦਿਕ ਪੰਡਯਾ ਮੁੰਬਈ ਇੰਡੀਅਨਜ਼ 'ਚ ਵਾਪਿਸ ਚਲੇ ਗਏ ਹਨ ਜਿਸ ਤੋਂ ਬਾਅਦ ਗੁਜਰਾਤ ਟਾਈਟਨਜ਼ ਨੇ ਇਹ ਵੱਡਾ ਫ਼ੈਸਲਾ ਲਿਆ।

ਕਪਤਾਨੀ ਮਿਲਣ 'ਤੇ ਗਿੱਲ ਨੇ ਕਿਹਾ, "ਗੁਜਰਾਤ ਟਾਈਟਨਜ਼ ਦੀ ਕਪਤਾਨੀ ਸੰਭਾਲਣ 'ਤੇ ਮੈਂ ਖ਼ੁਸ਼ ਅਤੇ ਮਾਣ ਮਹਿਸੂਸ ਕਰ ਰਿਹਾ ਹਾਂ ਅਤੇ ਅਜਿਹੀ ਚੰਗੀ ਟੀਮ ਦੀ ਅਗਵਾਈ ਕਰਨ ਲਈ ਮੇਰੇ 'ਤੇ ਭਰੋਸਾ ਕਰਨ ਲਈ ਫ਼ਰੈਂਚਾਈਜ਼ ਦਾ ਧੰਨਵਾਦ ਕਰਦਾ ਹਾਂ। ਸਾਡੇ ਕੋਲ ਦੋ ਅਸਾਧਾਰਣ ਸੀਜ਼ਨਜ਼ ਰਹੇ ਹਨ ਅਤੇ ਮੈਂ ਕ੍ਰਿਕਟ ਦੇ ਆਪਣੇ ਰੋਮਾਂਚਕ ਬ੍ਰੈਂਡ ਨਾਲ ਟੀਮ ਦੀ ਅਗਵਾਈ ਕਰਨ ਦੀ ਉਮੀਦ ਕਰਦਾ ਹਾਂ।" ਗੁਜਰਾਤ ਟਾਈਟਨਜ਼ ਦੇ ਵਿਸਫ਼ੋਟਕ ਬੱਲੇਬਾਜ਼ ਸ਼ੁਭਮਨ ਗਿੱਲ IPL-2024 'ਚ ਟੀਮ ਦੀ ਕਪਤਾਨੀ ਕਰਨਗੇ।

BCCI ਦੇ ਇੱਕ ਸੀਨੀਅਰ ਅਧਿਕਾਰੀ ਅਤੇ IPL ਗਵਰਨਿੰਗ ਕੌਂਸਲ ਦੇ ਇੱਕ ਮੈਂਬਰ ਨੇ ਹਾਰਦਿਕ ਪੰਡਯਾ ਦੇ ਮੁੰਬਈ ਇੰਡੀਅਨਜ਼ 'ਚ ਸ਼ਾਮਿਲ ਹੋਣ ਬਾਰੇ ਦੱਸਿਆ, "ਹਾਂ, ਹਾਰਦਿਕ ਦਾ ਟ੍ਰੇਡ ਔਫ਼ ਸ਼ਾਮ 5 ਵਜੇ ਤੋਂ ਬਾਅਦ ਪੂਰਾ ਹੋ ਗਿਆ ਸੀ। ਹੁਣ ਇਹ ਡੀਲ ਅਧਿਕਾਰਿਕ ਹੋ ਗਈ ਹੈ, ਅਤੇ ਉਹ ਹੁਣ ਮੁੰਬਈ ਇੰਡੀਅਨਜ਼ ਦੇ ਇੱਕ ਖਿਡਾਰੀ ਹਨ।"

# ਵਿਸ਼ਵ ਕੱਪ ਦੀ ਹਾਰ ਮਗਰੋਂ ਪ੍ਰਧਾਨ ਮੰਤਰੀ ਦਾ ਹੌਂਸਲਾ ਦੇਣ ਆਉਣਾ ਵੱਡੀ ਗੱਲ - ਸੂਰਯਕੁਮਾਰ







ਨਵੀਂ ਦਿੱਲੀ: ਭਾਰਤੀ ਬੱਲੇਬਾਜ਼ ਸੂਰਯਕੁਮਾਰ ਯਾਦਵ ਨੇ ਵਿਸ਼ਵ ਕੱਪ ਫ਼ਾਈਨਲ 'ਚ ਮਿਲੀ ਹਾਰ ਤੋਂ ਬਾਅਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਪ੍ਰੇਰਣਾਦਾਇਕ ਸ਼ਬਦਾਂ ਲਈ ਉਨ੍ਹਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਟੀਮ ਅਗਲੇ ਸਾਲ ਟੀ-20 ਵਿਸ਼ਵ ਕੱਪ ਵਿੱਚ ਇਸੇ ਜਜ਼ਬੇ ਨਾਲ ਖੇਡਣਾ ਜਾਰੀ ਰੱਖੇਗੀ। ਭਾਰਤ ਪਿਛਲੇ ਐਤਵਾਰ ਨੂੰ ਵਿਸ਼ਵ ਕੱਪ ਫ਼ਾਈਨਲ 'ਚ ਆਸਟਰੇਲੀਆ ਹੱਥੋਂ ਛੇ ਵਿਕਟਾਂ ਨਾਲ ਹਾਰ ਗਿਆ ਸੀ ਜਿਸ ਨਾਲ ਵਨ ਡੇਅ ਵਿਸ਼ਵ ਕੱਪ ਵਿੱਚ ਉਸ ਦਾ 12 ਸਾਲ ਬਾਅਦ ਟਰੌਫ਼ੀ ਜਿੱਤਣ ਦਾ ਸੁਪਨਾ ਵੀ ਟੁੱਟ ਗਿਆ ਸੀ। ਉਸ ਹਾਰ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਖਿਡਾਰੀਆਂ ਨੂੰ ਹੌਂਸਲਾ ਦੇਣ ਲਈ ਟੀਮ ਦੇ ਡ੍ਰੈਸਿੰਗ ਰੂਮ 'ਚ ਪਹੁੰਚ ਗਏ ਸਨ।

ਸੂਰਯਕੁਮਾਰ ਇਸ ਸਮੇਂ ਆਸਟਰੇਲੀਆ ਵਿਰੁੱਧ ਪੰਜ ਮੈਚਾਂ ਦੀ T-20 ਲੜੀ 'ਚ ਟੀਮ ਦੀ ਅਗਵਾਈ ਕਰ ਰਿਹਾ ਹੈ। ਉਸ ਨੇ ਕਿਹਾ, "ਵਿਸ਼ਵ ਕੱਪ ਫ਼ਾਈਨਲ ਦੇ ਤੁਰੰਤ ਬਾਅਦ ਅਸੀਂ ਡ੍ਰੈਸਿੰਗ ਰੂਮ 'ਚ ਬੈਠੇ ਹੋਏ ਸੀ ਅਤੇ ਓਦੋਂ ਸਾਡੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜੀ ਵੀ ਡ੍ਰੈਸਿੰਗ ਰੂਮ 'ਚ ਆ ਗਏ। ਉਨ੍ਹਾਂ ਨੇ ਸਾਰਿਆਂ ਨੂੰ ਪ੍ਰੇਰਣਾਦਾਇਕ ਸ਼ਬਦ ਕਹੇ। ਉਹ ਹਰ ਖਿਡਾਰੀ ਨੂੰ ਮਿਲੇ ਅਤੇ ਸਾਨੂੰ ਅੱਗੇ ਵਧਣ ਦੀ ਗੱਲ ਕੀਤੀ ਜਿਵੇਂ ਕਿ ਖੇਡ 'ਚ ਹੁੰਦਾ ਹੀ ਹੈ ਅਤੇ ਸਾਨੂੰ ਅੱਗੇ ਵੱਧਣਾ ਹੀ ਹੋਵੇਗਾ।"

ਸੂਰਯਕੁਮਾਰ ਨੇ ਕਿਹਾ, "ਸਾਨੂੰ ਇਸ ਹਾਰ ਨੂੰ ਭੁੱਲਣ ਵਿੱਚ ਕੁੱਝ ਸਮਾਂ ਲੱਗੇਗਾ ਪਰ ਉਨ੍ਹਾਂ ਦਾ 5-6 ਮਿੰਟ ਤਕ ਸਾਰਿਆਂ ਨੂੰ ਪ੍ਰੇਰਣਾਦਾਇਕ ਸ਼ਬਦ ਕਹਿਣਾ ਅਤੇ ਸਾਡੇ ਨਾਲ ਮੁਲਾਕਾਤ ਕਰਨਾ ਇੱਕ ਵੱਡੀ ਚੀਜ਼ ਹੈ ਕਿਉਂਕਿ ਉਹ ਦੇਸ਼ ਦੇ ਪ੍ਰਧਾਨ ਮੰਤਰੀ ਹਨ। ਅਸੀਂ ਉਨ੍ਹਾਂ ਦੀਆਂ ਗੱਲਾਂ ਬਹੁਤ ਧਿਆਨ ਨਾਲ ਸੁਣੀਆਂ, ਉਨ੍ਹਾਂ ਨਾਲ ਸਮਾਂ ਬਿਤਾਇਆ ਅਤੇ ਅਸੀਂ ਉਨ੍ਹਾਂ ਦੇ ਸੁਝਾਵਾਂ ਦਾ ਅਨੁਸਰਣ ਕਰਨ ਦੀ ਕੋਸ਼ਿਸ਼ ਕਰਾਂਗੇ।"

# ਭਾਰਤੀ ਟੀਮ ਦੇ ਨਵੇਂ ਕੋਚ ਦੇ ਨਾਂ 'ਤੇ ਲੱਗ ਸਕਦੀ ਹੈ ਮੋਹਰ


ਨਵੀਂ ਦਿੱਲੀ: ਭਾਰਤੀ ਕ੍ਰਿਕਟ ਕੰਟਰੋਲ ਬੋਰਡ (BCCI) ਦੇ ਉੱਚ ਅਧਿਕਾਰੀਆਂ ਨੇ ਮੁੱਖ ਕੋਚ ਵਜੋਂ ਰਾਹੁਲ ਦ੍ਰਾਵਿੜ ਦੀ ਭੂਮਿਕਾ ਦੀਆਂ ਸੰਭਾਵਨਾਵਾਂ 'ਤੇ ਉਨ੍ਹਾਂ ਨਾਲ ਡੂੰਘਾਈ ਨਾਲ ਗੱਲਬਾਤ ਕੀਤੀ, ਪਰ ਬੋਰਡ T-20 ਵਿਸ਼ਵ ਕੱਪ 2024 ਨੂੰ ਧਿਆਨ 'ਚ ਰੱਖਦੇ ਹੋਏ ਕਿਸੇ ਨਵੇਂ ਵਿਅਕਤੀ ਨੂੰ ਜ਼ਿੰਮੇਵਾਰੀ ਸੌਂਪਣ 'ਤੇ ਵਿਚਾਰ ਕਰ ਰਿਹਾ ਹੈ। ਬੋਰਡ ਜਿਸ ਵਿਅਕਤੀ ਦੇ ਨਾਂ 'ਤੇ ਵਿੱਚਾਰ ਕਰ ਰਿਹਾ ਹੈ, ਉਹ ਹੈ NCA (ਨੈਸ਼ਨਲ ਕ੍ਰਿਕਟ ਅਕੈਡਮੀ) ਦੇ ਡਾਇਰੈਕਟਰ ਵੀ. ਵੀ. ਐੱਸ. ਲਕਸ਼ਮਣ।



ਭਾਰਤ ਦੇ ਮੁੱਖ ਕੋਚ ਵਜੋਂ ਦ੍ਰਾਵਿੜ ਦਾ ਦੋ ਸਾਲ ਦਾ ਕਰਾਰ ਹਾਲ ਹੀ 'ਚ ਵਿਸ਼ਵ ਕੱਪ ਫ਼ਾਈਨਲ ਦੇ ਦਿਨ ਖ਼ਤਮ ਹੋ ਗਿਆ ਸੀ। ਓਦੋਂ ਤੋਂ ਹੀ ਦ੍ਰਾਵਿੜ ਦੇ ਭਵਿੱਖ ਨੂੰ ਲੈ ਕੇ ਲਗਾਤਾਰ ਬਹਿਸ ਹੋ ਰਹੀ ਹੈ। BCCI ਦੇ ਇੱਕ ਅਧਿਕਾਰੀ ਨੇ ਨਾਂ ਨਾ ਛਾਪਣ ਦੀ ਸ਼ਰਤ 'ਤੇ PTI ਨੂੰ ਦੱਸਿਆ, "ਰਾਹੁਲ ਅਤੇ BCCI ਨੇ ਮੌਜੂਦਾ ਸਥਿਤੀ 'ਤੇ ਚਰਚਾ ਕੀਤੀ। ਅਸੀਂ ਉਨ੍ਹਾਂ ਦੇ ਫ਼ੈਸਲੇ ਦਾ ਸਨਮਾਨ ਕਰਾਂਗੇ। ਵੈਸੇ ਹਰ ਕੋਈ ਮਹਿਸੂਸ ਕਰਦਾ ਹੈ ਕਿ T-20 ਵਿਸ਼ਵ ਕੱਪ 7-8 ਮਹੀਨਿਆਂ 'ਚ ਹੋਣ ਵਾਲਾ ਹੈ, ਇਸ ਲਈ ਨਵੇਂ ਕੋਚ ਲਈ ਆ ਕੇ ਟੀਮ ਬਣਾਉਣ ਅਤੇ ਇੱਕ-ਇੱਕ ਪ੍ਰਕਿਰਿਆ ਤੈਅ ਕਰਨ 'ਚ ਸਮਾਂ ਲੱਗੇਗਾ।

ਉਹ (ਦ੍ਰਾਵਿੜ) ਇਸ ਗੱਲ ਤੋਂ ਪੂਰੀ ਤਰ੍ਹਾਂ ਜਾਣੂ ਹੈ।" ਅਧਿਕਾਰੀ ਨੇ ਕਿਹਾ ਕਿ ਸਾਰੇ ਪਹਿਲੂਆਂ ਨੂੰ ਪੂਰੀ ਤਰ੍ਹਾਂ ਵਿਚਾਰਨ ਤੋਂ ਬਾਅਦ ਹੀ ਫ਼ੈਸਲਾ ਲਿਆ ਜਾਵੇਗਾ। ਉਨ੍ਹਾਂ ਨੇ ਕਿਹਾ, "ਅਸੀਂ ਇਸ ਗੱਲ 'ਤੇ ਵੀ ਚਰਚਾ ਕਰ ਰਹੇ ਹਾਂ ਕਿ ਮੌਜੂਦਾ ਕੋਚ ਅਤੇ ਕਪਤਾਨ ਦੇ ਸੁਮੇਲ ਦੀ T-20 ਵਿਸ਼ਵ ਕੱਪ 'ਚ ਜ਼ਰੂਰਤ ਹੋਵੇਗੀ ਜਾਂ ਨਹੀਂ। ਅਸੀਂ ਜਲਦੀ ਹੀ ਕਿਸੇ ਫ਼ੈਸਲੇ 'ਤੇ ਪਹੁੰਚਣ ਦੀ ਉਮੀਦ ਕਰ ਰਹੇ ਹਾਂ ਤਾਂ ਜੋ ਚੀਜ਼ਾਂ ਹੋਰ ਸਪੱਸ਼ਟ ਹੋ ਸਕਣ।"

# ਸਲਮਾਨ ਨੇ ਭਾਣਜੀ ਅਲੀਜ਼ੇ ਦੀ ਫ਼ਿਲਮ ਦੀ ਕੀਤੀ

ਫ਼ਿਲਮ ਟਾਈਗਰ-3 ਦੀ ਕਾਮਯਾਬੀ ਦੇ ਜਸ਼ਨ ਮਨਾ ਰਹੇ ਅਦਾਕਾਰ ਸਲਮਾਨ ਖ਼ਾਨ ਨੇ ਹਾਲ ਹੀ 'ਚ ਕਿਹਾ ਕਿ ਉਸ ਨੂੰ ਖ਼ੁਸ਼ੀ ਹੈ ਕਿ ਉਸ ਦੀ ਭਾਣਜੀ ਅਲੀਜ਼ੇ ਅਗਨੀਹੋਤਰੀ ਦੀ ਪਹਿਲੀ ਫ਼ਿਲਮ ਫ਼ੱਰੇ ਨੂੰ ਚੰਗਾ ਹੁੰਗਾਰਾ ਮਿਲ ਰਿਹਾ ਹੈ। ਸਲਮਾਨ ਨੇ ਕਿਹਾ, "ਅਲੀਜ਼ੇ ਨੇ ਫ਼ੱਰੇ ਰਾਹੀਂ ਫ਼ਿਲਮ ਜਗਤ 'ਚ ਪੈਰ ਧਰਿਆ ਹੈ ਅਤੇ ਉਸ ਦੀ ਫ਼ਿਲਮ ਨੂੰ ਵਧੀਆ ਹੁੰਗਾਰਾ ਮਿਲ ਰਿਹਾ ਹੈ।"

ਦੱਸਣਯੋਗ ਹੈ ਕਿ ਸਲਮਾਨ ਖ਼ਾਨ ਨੇ ਇਸ ਫ਼ਿਲਮ ਦੇ ਪਰਦੇ ਪਿਛਲੇ ਕੁੱਝ ਵੀਡੀਓਜ਼ ਵੀ ਇੰਸਟਾਗ੍ਰਾਮ 'ਤੇ ਸਾਂਝੇ ਕੀਤੇ ਹਨ। ਇਨ੍ਹਾਂ ਵੀਡੀਓਜ਼ ਨੂੰ ਉਸ ਨੇ ਕੈਪਸ਼ਨ ਦਿੱਤੀ, "ਫ਼ੱਰੇ 'ਦੇ ਸੈੱਟ ਤੋਂ ਕੁੱਝ ਪਰਦੇ ਪਿਛਲੇ ਦ੍ਰਿਸ਼ ਸਾਂਝੇ ਕਰ ਰਿਹਾਂ।" ਉਸ ਨੇ ਆਪਣੀ ਭਾਣਜੀ ਅਲੀਜ਼ੇ ਦੀ ਫ਼ਿਲਮ ਫ਼ੱਰੇ ਦੇ ਮੁੰਬਈ 'ਚ ਕਰਵਾਏ ਗਏ ਗ੍ਰੈਂਡ ਪ੍ਰੀਮੀਅਰ 'ਚ ਵੀ ਸ਼ਿਰਕਤ ਕੀਤੀ ਸੀ। ਸਲਮਾਨ ਨੇ ਇਸ ਪ੍ਰੀਮੀਅਰ ਦੀਆਂ ਤਸਵੀਰਾਂ ਵੀ ਸੋਸ਼ਲ ਮੀਡੀਆ 'ਤੇ ਸਾਂਝੀਆਂ ਕੀਤੀਆਂ ਸਨ ਜਿਨ੍ਹਾਂ 'ਚ ਉਹ ਫ਼ੱਰੇ ਦੀ ਸਟਾਰ ਕਾਸਟ ਨਾਲ ਦਿਖਾਈ ਦੇ ਰਿਹਾ ਸੀ।

ਉਸ ਪ੍ਰੀਮੀਅਰ ਮੌਕੇ ਕਿਆਰਾ ਅਡਵਾਨੀ, ਅਨੰਨਿਆ ਪਾਂਡੇ, ਕੈਟਰੀਨਾ ਕੈਫ਼ ਤੋਂ ਇਲਾਵਾ ਸਨੀ ਦਿਓਲ ਨੇ ਵੀ ਸ਼ਿਰਕਤ ਕੀਤੀ ਸੀ। ਇਸ ਤੋਂ ਪਹਿਲਾਂ ਸਲਮਾਨ ਨੇ ਗੋਆ 'ਚ ਇੰਟਰਨੈਸ਼ਨਲ ਫ਼ਿਲਮ ਫ਼ੈਸਟੀਵਲ (IFFA) 'ਚ ਵੀ ਸ਼ਮੂਲੀਅਤ ਕੀਤੀ ਸੀ। ਦੱਸਣਯੋਗ ਹੈ ਕਿ ਫ਼ੱਰੇ ਦਾ ਨਿਰਦੇਸ਼ਨ ਕੌਮੀ ਐਵਾਰਡ ਜੇਤੂ ਫ਼ਿਲਮਸਾਜ਼ ਸੌਮੇਂਦਰ ਪਾਂਧੀ ਨੇ ਕੀਤਾ ਹੈ।

# ਔਸਕਰ ਮਿਲਿਆ ਤਾਂ ਫ਼ੌਜ ਨੂੰ ਕਰਾਂਗਾ ਸਮਰਪਿਤ - ਵਿਕੀ ਕੌਸ਼ਲ




ਅਦਾਕਾਰ ਵਿਕੀ ਕੌਸ਼ਲ ਨੇ ਕਿਹਾ ਕਿ ਜੇ ਉਸ ਦੀ ਆਉਣ ਵਾਲੀ ਫ਼ਿਲਮ ਸੈਮ ਬਹਾਦੁਰ ਲਈ ਔਸਕਰ ਐਵਾਰਡ ਮਿਲਿਆ ਤਾਂ ਉਹ ਉਸ ਨੂੰ ਭਾਰਤੀ ਫ਼ੌਜ ਨੂੰ ਸਮਰਪਿਤ ਕਰ ਦੇਵੇਗਾ। ਇਹ ਫ਼ਿਲਮ ਮਹਾਨ ਫ਼ੀਲਡ ਮਾਰਸ਼ਲ ਸੈਮ ਮਾਨਿਕਸ਼ਾਹ ਦੇ ਜੀਵਨ 'ਤੇ ਆਧਾਰਿਤ ਹੈ। ਫ਼ਿਲਮ 'ਚ ਵਿਕੀ ਨਾਲ ਫ਼ਾਤਿਮਾ ਸਨਾ ਸ਼ੇਖ਼ ਅਤੇ ਸਾਨੀਆ ਮਲਹੋਤਰਾ ਮੁੱਖ ਭੂਮਿਕਾਵਾਂ 'ਚ ਨਜ਼ਰ ਆਉਣਗੀਆਂ। ਵਿਕੀ ਕੌਸ਼ਲ ਸੋਸ਼ਲ ਮੀਡੀਆ 'ਤੇ ਕਾਫ਼ੀ ਸਰਗਰਮ ਹੈ। ਉਸ ਨੂੰ ਹਾਲ ਹੀ 'ਚ ਉਸ ਦੇ ਪ੍ਰਸ਼ੰਸਕ ਨੇ ਪੁੱਛਿਆ, "ਜੇ ਸੈਮ ਬਹਾਦੁਰ ਨੂੰ ਔਸਕਰ ਜਾਂ ਫ਼ਿਲਮਫ਼ੇਅਰ ਐਵਾਰਡ ਮਿਲਦਾ ਹੈ ਤਾਂ ਤੁਸੀਂ ਇਹ ਕਿਸ ਨੂੰ ਸਮਰਪਿਤ ਕਰੋਗੇ?" ਇਸ ਦੇ ਜਵਾਬ 'ਚ ਅਦਾਕਾਰ ਨੇ ਕਿਹਾ ਕਿ ਉਹ ਆਪਣਾ ਐਵਾਰਡ ਭਾਰਤੀ ਫ਼ੌਜ ਨੂੰ ਸਮਰਪਿਤ ਕਰ ਦੇਵੇਗਾ।

ਇਸੇ ਤਰ੍ਹਾਂ ਇੱਕ ਹੋਰ ਪ੍ਰਸ਼ੰਸਕ ਨੇ ਉਸ ਨੂੰ ਸੈਮ ਦੇ ਕਿਰਦਾਰ ਬਾਰੇ ਪੁੱਛਿਆ ਤਾਂ ਵਿਕੀ ਨੇ ਕਿਹਾ, "ਰੱਬ ਦਾ ਬੰਦਾ ਹੈ ਉਹ, ਸਭ ਦਾ ਬੰਦਾ ਹੈ।" ਜ਼ਿਕਰਯੋਗ ਹੈ ਮੇਘਨਾ ਗ਼ੁਲਜ਼ਾਰ ਦੇ ਨਿਰਦੇਸ਼ਨ ਹੇਠ ਬਣੀ ਇਸ ਫ਼ਿਲਮ ਦਾ ਨਿਰਮਾਣ RSVP Movies ਨੇ ਕੀਤਾ ਹੈ। ਫ਼ਿਲਮ ਪਹਿਲੀ ਦਸੰਬਰ ਨੂੰ ਰਿਲੀਜ਼ ਹੋਵੇਗੀ।

# ਲਗਾਨ 'ਚ ਕੰਮ ਨਾ ਕਰ ਸਕਣ ਦਾ ਅਫ਼ਸੋਸ ਹੈ ਰਾਣੀ ਨੂੰ

ਰਾਣੀ ਮੁਖਰਜੀ ਲੰਬੇ ਸਮੇਂ ਤੋਂ ਭਾਰਤੀ ਫ਼ਿਲਮ ਇੰਡਸਟਰੀ 'ਚ ਕੰਮ ਕਰ ਰਹੀ ਹੈ। ਰਾਣੀ ਨੇ ਰੋਮੈਂਟਿਕ ਫ਼ਿਲਮ ਹਮ-ਤੁਮ ਤੋਂ ਲੈ ਕੇ ਪੁਲੀਸ ਅਫ਼ਸਰ ਦੇ ਕਿਰਦਾਰ ਵਾਲੀ ਮਰਦਾਨੀ ਵਰਗੀਆਂ ਫ਼ਿਲਮਾਂ 'ਚ ਆਪਣੀ ਅਦਾਕਾਰੀ ਦਾ ਲੋਹਾ ਮਨਵਾਇਆ ਹੈ। ਰਾਣੀ ਨੇ ਗੋਆ 'ਚ ਹੋਏ 54ਵੇਂ ਇੰਟਰਨੈਸ਼ਨਲ ਫ਼ਿਲਮ ਫ਼ੈਸਟੀਵਲ (IFFA) 'ਚ ਕਰਵਾਏ ਗਏ ਇੱਕ ਸੈਸ਼ਨ ਦੌਰਾਨ ਖ਼ੁਲਾਸਾ ਕੀਤਾ ਕਿ ਉਹ ਇਸ ਨੂੰ ਆਪਣੀ ਬਦਕਿਸਮਤੀ ਸਮਝਦੀ ਹੈ ਕਿ ਉਹ ਆਮਿਰ ਖ਼ਾਨ ਦੀ ਫ਼ਿਲਮ ਲਗਾਨ ਦਾ ਹਿੱਸਾ ਨਹੀਂ ਬਣ ਸਕੀ।

ਰਾਣੀ ਨੇ ਦੱਸਿਆ ਕਿ ਆਮਿਰ ਨੇ ਇਸ ਫ਼ਿਲਮ ਲਈ ਉਸ ਨੂੰ ਫ਼ੋਨ ਕੀਤਾ ਸੀ ਅਤੇ ਕਿਹਾ ਸੀ ਕਿ ਇਸ




ਫ਼ਿਲਮ ਦਾ ਨਿਰਮਾਣ ਉਹ ਆਪਣੇ ਤਰੀਕੇ ਨਾਲ ਕਰਨਾ ਚਾਹੁੰਦਾ ਹੈ ਅਤੇ ਉਸ ਨੂੰ ਛੇ ਮਹੀਨਿਆਂ ਲਈ ਸਾਰੇ ਅਦਾਕਾਰ ਇੱਕੋ ਥਾਂ 'ਤੇ ਚਾਹੀਦੇ ਹਨ। ਰਾਣੀ ਨੇ ਅਫ਼ਸੋਸ ਪ੍ਰਗਟ ਕੀਤਾ ਕਿ ਲਗਾਨ ਸਬੰਧੀ ਫ਼ੋਨ ਆਉਣ ਤੋਂ ਪਹਿਲਾਂ ਉਹ ਇੱਕ ਹੋਰ ਫ਼ਿਲਮ ਲਈ ਹਾਮੀ ਭਰ ਚੁੱਕੀ ਸੀ ਅਤੇ ਉਸ ਦੇ ਨਿਰਮਾਤਾ ਨੇ ਉਸ ਨੂੰ ਬੇਨਤੀ ਕਰਨ ਦੇ ਬਾਵਜੂਦ ਫ਼ਿਲਮ ਛੱਡਣ ਦੀ ਇਜਾਜ਼ਤ ਨਹੀਂ ਦਿੱਤੀ ਜੋ ਕਿ ਬਹੁਤ ਦੁਖਦਾਈ ਸੀ।

ਆਸ਼ੂਤੋਸ਼ ਗੋਵਾਰੀਕਰ ਦੇ ਨਿਰਦੇਸ਼ਨ ਹੇਠ ਬਣੀ ਲਗਾਨ ਇੱਕ ਵੱਡੀ ਹਿੱਟ ਫ਼ਿਲਮ ਸਾਬਿਤ ਹੋਈ ਸੀ। ਰਾਣੀ ਨੂੰ ਅਫ਼ਸੋਸ ਹੈ ਕਿ ਉਹ ਲਗਾਨ ਫ਼ਿਲਮ 'ਚ ਅਦਾਕਾਰੀ ਨਹੀਂ ਸੀ ਕਰ ਸਕੀ।

# ਪਰਿਣੀਤੀ ਨੂੰ ਗ਼ਲਤ ਬਿਆਨੀ 'ਤੇ ਆਇਆ ਗੁੱਸਾ

ਬੀ-ਟਾਊਨ ਦੀਆਂ ਮਸ਼ਹੂਰ ਅਦਾਕਾਰਾਂ 'ਚੋਂ ਇੱਕ ਪਰਿਣੀਤੀ ਚੋਪੜਾ ਹਾਲ ਹੀ 'ਚ ਉਨ੍ਹਾਂ ਲੋਕਾਂ 'ਤੇ ਗੁੱਸੇ 'ਚ ਆ ਗਈ ਜੋ ਉਸ ਦਾ ਨਾਂ ਲੈ ਕੇ ਗ਼ਲਤ ਬਿਆਨਬਾਜ਼ੀ ਕਰਦੇ ਹਨ। ਸੋਸ਼ਲ ਮੀਡੀਆ 'ਤੇ ਪਰਿਣੀਤੀ ਦੇ ਨਾਮ ਦੇ ਕਈ ਫ਼ੈਨ ਕਲੱਬਜ਼ ਹਨ। ਅਜਿਹੇ 'ਚ ਕੁੱਝ ਲੋਕ ਪਰਿਣੀਤੀ ਦਾ ਨਾਂ ਲੈ ਕੇ ਉਸ ਦੀਆਂ ਇੰਟਰਵਿਊਜ਼ ਦੇ ਗ਼ਲਤ ਹਵਾਲੇ ਸ਼ੇਅਰ ਕਰ ਰਹੇ ਹਨ ਜਿਸ ਕਾਰਨ ਉਹ ਕਾਫ਼ੀ ਗੁੱਸੇ 'ਚ ਹੈ।

ਪਰਿਣੀਤੀ ਚੋਪੜਾ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਰਾਹੀਂ ਫ਼ੈਨ ਕਲੱਬ ਦੀ ਕਲਾਸ ਲਾਉਣੀ ਸ਼ੁਰੂ ਕੀਤੀ ਹੈ। ਅਦਾਕਾਰਾ ਨੇ ਕਿਹਾ ਕਿ ਉਹ ਅਜਿਹੀਆਂ ਹਰਕਤਾਂ ਕਰਨ ਵਾਲਿਆਂ 'ਤੇ ਨਜ਼ਰ ਰੱਖ ਰਹੀ ਹੈ। ਪਰਿਣੀਤੀ ਨੇ ਇੰਸਟਾਗ੍ਰਾਮ ਸਟੋਰੀ 'ਤੇ ਇੱਕ ਪੋਸਟ ਸ਼ੇਅਰ ਕਰ ਕੇ ਆਪਣੀ ਨਾਰਾਜ਼ਗੀ ਜ਼ਾਹਿਰ ਕੀਤੀ।

### ਪਰਿਣੀਤੀ ਦੀ ਚਿਤਾਵਨੀ

ਪਰਿਣੀਤੀ ਨੇ ਪੋਸਟ 'ਚ ਕਿਹਾ, "ਮੈਂ ਦੇਖ ਰਹੀ ਹਾਂ ਕਿ ਫ਼ੈਨ ਕਲੱਬ ਦੇ ਮੈਂਬਰਜ਼ ਆਪਣੇ ਕਲਾਕਾਰਾਂ ਦੇ ਪੱਖ 'ਚ ਕੋਟਸ ਇਕੱਠੇ ਕਰਨ ਲਈ ਮੇਰੇ ਨਾਂ ਦੀ ਵਰਤੋਂ ਕਰ ਰਹੇ ਹਨ, ਪਰ ਉਹ ਸਭ ਫ਼ਰਜ਼ੀ ਹਨ। ਮੈਂ ਕਿਸੇ ਬਾਰੇ ਕੋਈ ਇੰਟਰਵਿਊ ਜਾਂ ਕੋਟ ਨਹੀਂ ਦਿੱਤਾ, ਅਤੇ ਨਾ ਹੀ ਮੈਂ ਉਨ੍ਹਾਂ ਨੂੰ ਕੋਈ ਵਧਾਈ ਦਿੱਤੀ ਹੈ, ਜਾਂ ਉਨ੍ਹਾਂ ਦੀ ਸ਼ਲਾਘਾ ਕੀਤੀ ਹੈ। ਮੈਂ ਦੇਖ ਰਹੀ ਹਾਂ ਅਤੇ ਰਿਪੋਰਟ ਕਰਾਂਗੀ। ਪਹਿਲਾਂ ਆਪਣੇ ਤੱਥਾਂ ਦੀ ਜਾਂਚ ਕਰੋ। ਥੋੜ੍ਹੀ ਜਿਹੀ ਗੂਗਲਿੰਗ ਕਿਸੇ ਨੂੰ ਦੁੱਖ ਨਹੀਂ ਦਿੰਦੀ।" ਅਦਾਕਾਰਾ ਨੇ ਅਜਿਹਾ ਕਿਉਂ ਕਿਹਾ? ਇਹ ਅਜੇ ਸਪੱਸ਼ਟ ਨਹੀਂ ਹੋ ਸਕਿਆ।

### ਪਰਿਣੀਤੀ ਨੇ ਕਰਨੀ ਸੀ ਫ਼ਿਲਮ ਐਨੀਮਲ

ਪਰਿਣੀਤੀ ਚੋਪੜਾ ਨੇ ਸੰਦੀਪ ਰੈੱਡੀ ਵਾਂਗਾ ਦੀ ਐਕਸ਼ਨ ਥ੍ਰਿਲਰ ਫ਼ਿਲਮ ਐਨੀਮਲ 'ਚ ਰਣਬੀਰ ਕਪੂਰ ਦੀ ਔਨਸਕ੍ਰੀਨ ਪਤਨੀ ਦਾ ਕਿਰਦਾਰ ਨਿਭਾਉਣਾ ਸੀ, ਪਰ ਕਿਸੇ ਕਾਰਨ ਉਹ ਇਸ ਫ਼ਿਲਮ ਤੋਂ ਬਾਹਰ ਹੋ ਗਈ। ਪਰਿਣੀਤੀ ਦੀ ਥਾਂ ਰਸ਼ਮਿਕਾ ਮੰਦਾਨਾ ਨੇ ਲਈ। ਪਹਿਲੀ ਦਸੰਬਰ 2023 ਨੂੰ ਰਿਲੀਜ਼ ਹੋਣ ਜਾ ਰਹੀ ਇਸ ਫ਼ਿਲਮ 'ਚ ਰਣਬੀਰ ਅਤੇ ਰਸ਼ਮਿਕਾ ਤੋਂ ਇਲਾਵਾ ਬੌਬੀ ਦਿਓਲ, ਅਨਿਲ ਕਪੂਰ, ਪ੍ਰੇਮ ਚੋਪੜਾ ਅਤੇ ਸ਼ਕਤੀ ਕਪੂਰ ਮੁੱਖ ਭੂਮੀਕਾਵਾਂ 'ਚ ਹਨ।

# ਪੰਨੂ ਬਾਰੇ ਅਮਰੀਕਾ ਅਤੇ ਭਾਰਤ ਨਾਲ ਮਿਲ ਕੇ ਕਰ ਰਹੇ ਹਾਂ ਕੰਮ - ਟਰੂਡੋ

ਔਟਵਾ: ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਬੀਤੇ ਦਿਨੀਂ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੁਆਰਾ ਆਯੋਜਿਤ G-20 ਵਰਚੁਅਲ ਸਮਿਟ 'ਚ ਸ਼ਾਮਿਲ ਹੋਏ। ਇਸ ਦੌਰਾਨ ਟਰੂਡੋ ਨੇ ਅਮਰੀਕੀ-ਕੈਨੇਡੀਅਨ ਦੋਹਰੀ ਨਾਗਰਿਕਤਾ ਵਾਲੇ ਅਤੇ ਵੱਖਵਾਦੀ ਸਮੂਹ ਸਿਖਸ ਫ਼ੌਰ ਜਸਟਿਸ ਜਾਂ ਦੇ ਜਨਰਲ ਕੌਂਸਲ ਗੁਰਪਤਵੰਤ ਪੰਨੂ ਦੀ ਜਾਨ ਨੂੰ ਖ਼ਤਰੇ ਦੇ ਮਾਮਲੇ ਨੂੰ ਸਿੱਧੇ ਤੌਰ 'ਤੇ ਸੰਬੋਧਿਤ ਨਹੀਂ ਕੀਤਾ, ਪਰ ਉਨ੍ਹਾਂ ਦੇ ਦਫ਼ਤਰ ਨੇ ਕਿਹਾ ਕਿ ਉਨ੍ਹਾਂ ਨੇ ਇਹ ਮੁੱਦਾ ਉਠਾਇਆ। ਭਾਰਤੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੁਆਰਾ ਆਯੋਜਿਤ ਵਰਚੁਅਲ G-20 ਸੰਮੇਲਨ 'ਚ ਸ਼ਾਮਿਲ ਹੋਣ 'ਤੇ ਟਰੂਡੋ ਨੇ ਕਾਨੂੰਨ ਦੇ ਰਾਜ ਦਾ ਮੁੱਦਾ ਉਠਾਇਆ। ਕੈਨੇਡੀਅਨ ਪ੍ਰਧਾਨ ਮੰਤਰੀ ਦੇ ਦਫ਼ਤਰ ਦੇ ਇੱਕ ਰੀਡਆਊਟ 'ਚ ਕਿਹਾ ਗਿਆ ਕਿ ਟਰੂਡੋ ਨੇ ਹੋਰ ਮਾਮਲਿਆਂ ਦੇ ਨਾਲ-ਨਾਲ ਕਾਨੂੰਨ ਦੇ ਰਾਜ ਅਤੇ ਅੰਤਰਰਾਸ਼ਟਰੀ ਕਾਨੂੰਨ ਨੂੰ ਬਰਕਰਾਰ ਰੱਖਣ ਲਈ ਤਾਲਮੇਲ ਵਾਲੀ ਲੀਡਰਸ਼ਿਪ ਅਤੇ ਕਾਰਵਾਈ ਦੀ ਮਹੱਤਤਾ ਨੂੰ ਉਜਾਗਰ ਕੀਤਾ। ਦਿਲਚਸਪ ਗੱਲ ਇਹ ਹੈ ਕਿ ਰੀਡਆਊਟ 'ਚ ਇਸ ਗੱਲ ਦਾ ਜ਼ਿਕਰ ਨਹੀਂ ਕੀਤਾ ਗਿਆ ਕਿ ਵਰਚੁਅਲ ਸੰਮੇਲਨ ਦੀ ਮੇਜ਼ਬਾਨੀ ਮੋਦੀ ਨੇ ਕੀਤੀ ਸੀ। ਇਸ ਤੋਂ ਪਹਿਲਾਂ ਜਦੋਂ ਔਟਵਾ 'ਚ ਮੀਡੀਆ ਦੁਆਰਾ ਬ੍ਰਿਟਿਸ਼ ਪ੍ਰਕਾਸ਼ਨ ਫ਼ਾਈਨੈਂਸ਼ਲ ਟਾਈਮਜ਼ 'ਚ ਅਮਰੀਕੀ ਏਜੰਸੀਆਂ ਦੁਆਰਾ ਗੁਰਪਤਵੰਤ ਪੰਨੂ ਦੀ ਜਾਨ ਨੂੰ ਖ਼ਤਰੇ ਬਾਰੇ ਟਿੱਪਣੀ ਕਰਨ ਲਈ ਕਿਹਾ ਗਿਆ ਤਾਂ ਟਰੂਡੋ ਨੇ ਕਿਹਾ, "ਅਸੀਂ ਗਰਮੀਆਂ ਦੇ ਮੱਧ ਤੋਂ ਅਮਰੀਕਾ ਸਮੇਤ ਆਪਣੇ ਸਹਿਯੋਗੀਆਂ ਨਾਲ ਮਿਲ ਕੇ ਕੰਮ ਕਰ ਰਹੇ ਹਾਂ। ਉਸ ਨੇ ਅੱਗੇ ਕਿਹਾ, "ਸਪੱਸ਼ਟ ਤੌਰ 'ਤੇ ਅਸੀਂ ਭਾਰਤ ਨਾਲ ਉਸਾਰੂ ਤਰੀਕਿਆਂ ਨਾਲ ਜੁੜਨਾ ਜਾਰੀ ਰੱਖਾਂਗੇ ਅਤੇ ਅਸੀਂ ਉਮੀਦ ਕਰਦੇ ਹਾਂ ਕਿ ਭਾਰਤ ਇਨ੍ਹਾਂ ਅਸਲ ਚਿੰਤਾਵਾਂ ਨੂੰ ਗੰਭੀਰਤਾ ਨਾਲ ਲੈਂਦਾ ਰਹੇਗਾ।" ਦਾ ਫ਼ਾਇਨੈਂਸ਼ਲ ਟਾਈਮਜ਼ (FT) ਅਨੁਸਾਰ ਇਹ ਅਸਪੱਸ਼ਟ ਸੀ ਕਿ ਪੰਨੂ ਨੂੰ ਮਾਰਨ ਦੀ ਸਾਜ਼ਿਸ਼ ਦੇ ਮੁੱਦੇ ਨੂੰ ਛੱਡ ਦਿੱਤਾ ਗਿਆ ਸੀ ਜਾਂ ਇਸ ਨੂੰ ਨਾਕਾਮ ਕਰਨ ਲਈ FBI ਨੇ ਦਖ਼ਲ ਦਿੱਤਾ ਸੀ। ਇੱਕ ਬਿਆਨ 'ਚ US ਦੀ ਰਾਸ਼ਟਰੀ ਸੁਰੱਖਿਆ ਪ੍ਰੀਸ਼ਦ ਦੇ ਬੁਲਾਰੇ ਏਡਰਿਅਨ ਵੌਟਸਨ ਨੇ ਕਿਹਾ, "ਅਸੀਂ ਇਸ ਮੁੱਦੇ ਨੂੰ ਬਹੁਤ ਗੰਭੀਰਤਾ ਨਾਲ ਵੇਖ ਰਹੇ ਹਾਂ ਅਤੇ ਅਮਰੀਕੀ ਸਰਕਾਰ ਦੁਆਰਾ ਇਸ ਨੂੰ ਭਾਰਤ ਸਰਕਾਰ ਕੋਲ ਉਠਾਇਆ ਗਿਆ ਹੈ। ਭਾਰਤੀ ਹਮਰੁਤਬਾ ਨੇ ਹੈਰਾਨੀ ਅਤੇ ਚਿੰਤਾ ਪ੍ਰਗਟਾਈ। ਉਨ੍ਹਾਂ ਨੇ ਕਿਹਾ ਕਿ ਇਸ ਕਿਸਮ ਦੀ ਗਤੀਵਿਧੀ ਉਨ੍ਹਾਂ ਦੀ ਨੀਤੀ ਨਹੀਂ। FT ਨੇ ਇੱਕ ਅਣਪਛਾਤੇ ਸਰੋਤ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਜਦੋਂ ਮੋਦੀ ਜੂਨ 'ਚ ਵਾਸ਼ਿੰਗਟਨ ਗਏ ਸਨ ਤਾਂ ਅਮਰੀਕਾ ਨੇ ਇਸ ਮਾਮਲੇ ਦਾ ਵਿਰੋਧ ਜਤਾਇਆ ਸੀ। ਜ਼ਿਕਰਯੋਗ ਹੈ ਕਿ ਬ੍ਰਿਟਿਸ਼ ਕੋਲੰਬੀਆ 'ਚ ਦੇ ਪ੍ਰਮੁੱਖ ਹਸਤੀ ਹਰਦੀਪ ਸਿੰਘ ਨਿੱਜਰ ਦਾ 18 ਜੂਨ ਨੂੰ ਸਰੀ 'ਚ ਕਤਲ ਕਰ ਦਿੱਤਾ ਗਿਆ ਸੀ। ਇੱਕ ਬਿਆਨ 'ਚ ਪੰਨੂ ਨੇ ਕਿਹਾ, "ਭਾਰਤੀ ਏਜੰਟਾਂ ਦੁਆਰਾ ਅਮਰੀਕੀ ਧਰਤੀ 'ਤੇ ਮੈਨੂੰ ਜਾਨ ਨੂੰ ਮਾਰਨ ਦੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਗਿਆ ਹੈ ਜੋ ਕਿ ਸਰਾਸਰ ਅੰਤਰਰਾਸ਼ਟਰੀ ਅਤਿਵਾਦ ਹੈ ਅਤੇ ਇਹ ਅਮਰੀਕਾ ਦੀ ਪ੍ਰਭੁੱਸੱਤਾ, ਬੋਲਣ ਦੀ ਆਜ਼ਾਦੀ ਅਤੇ ਲੋਕਤੰਤਰ ਲਈ ਖ਼ਤਰਾ ਹੈ। ਇਸ ਲਈ ਮੈਂ ਅਮਰੀਕੀ ਸਰਕਾਰ ਨੂੰ ਇਸ ਧਮਕੀ ਦਾ ਜਵਾਬ ਦੇਣ ਦੇਵਾਂਗਾ।" ਉਸ ਨੇ ਭਾਰਤ 'ਤੇ ਖ਼ਾਲਿਸਤਾਨ ਪੱਖੀ ਸਿੱਖਾਂ ਨੂੰ ਮਾਰਨ ਲਈ ਕਿਰਾਏ ਦੇ ਕਾਤਲਾਂ ਦੀ ਵਰਤੋਂ ਕਰਨ ਦਾ ਦੋਸ਼ ਲਗਾਇਆ। ਉਸ ਨੇ ਕਿਹਾ ਕਿ ਜਿਸ ਤਰ੍ਹਾਂ ਨਿੱਜਰ ਦਾ ਕਤਲ ਕੈਨੇਡਾ ਦੀ ਪ੍ਰਭੁੱਸੱਤਾ ਲਈ ਚੁਣੌਤੀ ਸੀ, ਉਸੇ ਤਰ੍ਹਾਂ ਇਹ ਕੋਸ਼ਿਸ਼ ਅਮਰੀਕਾ ਲਈ ਵੀ ਇੱਕ ਸੀ। ਉਸ ਨੇ ਕਿਹਾ, "ਮੈਨੂੰ ਭਰੋਸਾ ਹੈ ਕਿ ਜੋਅ ਬਿਡੇਨ ਪ੍ਰਸ਼ਾਸਨ ਅਜਿਹੀ ਕਿਸੇ ਵੀ ਚੁਣੌਤੀ ਨਾਲ ਨਜਿੱਠਣ ਦੇ ਸਮਰੱਥ ਹੈ।" ਉਸ ਨੇ ਅੱਗੇ ਕਿਹਾ, "ਉਨ੍ਹਾਂ ਦਾ ਧਿਆਨ ਮੇਰੀ ਜਾਨ ਨੂੰ ਖ਼ਤਰਾ ਨਹੀਂ ਬਲਕਿ ਖ਼ਾਲਿਸਤਾਨ ਦੇ ਜਨਮਤ ਸੰਗ੍ਰਹਿ ਦੇ ਅਮਰੀਕੀ ਪੜਾਅ ਨੂੰ ਆਯੋਜਿਤ ਕਰਨ ਵਲ ਹੈ ਜੋ ਕਿ 28 ਜਨਵਰੀ 2024 ਨੂੰ ਸੈਨ ਫ਼ਰੈਂਸਿਸਕੋ ਤੋਂ ਸ਼ੁਰੂ ਹੋਣ ਵਾਲਾ ਹੈ।"

# ਮੁੰਬਈ ਹਮਲੇ ਤੋਂ 15 ਸਾਲ ਬਾਅਦ ਨਾਨੇ ਨੇ ਭਾਰਤ ਦਾ ਕੀਤਾ ਧੰਨਵਾਦ





ਸਰੀ: ਮੁੰਬਈ 'ਚ 2008 ਦੇ ਅਤਿਵਾਦੀ ਹਮਲੇ 'ਚ ਵਾਲ-ਵਾਲ ਬਚੇ ਮੋਸ਼ੇ ਹੋਲਟਜ਼ਬਰਗ ਦੇ ਨਾਨਾ-ਨਾਨੀ ਨੇ ਉਨ੍ਹਾਂ ਦਾ ਦੁੱਖ ਮਹਿਸੂਸ ਕਰਨ ਅਤੇ ਉਨ੍ਹਾਂ ਨੂੰ ਆਪਣਾ ਸਮਝਣ ਲਈ ਭਾਰਤ ਦੇ ਲੋਕਾਂ ਦਾ ਧੰਨਵਾਦ ਪ੍ਰਗਟ ਕੀਤਾ ਹੈ। ਪਾਕਿਸਤਾਨ ਦੇ ਅਤਿਵਾਦੀ ਸੰਗਠਨ ਲਸ਼ਕਰ-ਏ-ਤੋਇਬਾ ਦੇ ਅਤਿਵਾਦੀਆਂ ਨੇ 26 ਨਵੰਬਰ 2008 ਨੂੰ ਮੁੰਬਈ 'ਚ ਕਈ ਥਾਵਾਂ 'ਤੇ ਹਮਲੇ ਕੀਤੇ ਸਨ ਜਿਨ੍ਹਾਂ 'ਚੋਂ ਇੱਕ ਨਾਰੀਮਨ ਹਾਊਸ ਸੀ ਜਿਸ ਨੂੰ ਹਬਾਦ ਹਾਊਸ ਵੀ ਕਿਹਾ ਜਾਂਦਾ ਹੈ। ਮੋਸ਼ੇ ਉਸ ਸਮੇਂ ਸਿਰਫ਼ ਦੋ ਸਾਲ ਦਾ ਸੀ ਅਤੇ ਹਮਲੇ ਦੇ ਸਮੇਂ ਉਹ ਆਪਣੇ ਮਾਤਾ-ਪਿਤਾ ਗੇਬਰੀਆਲ ਹੋਲਟਜ਼ਬਰਗ ਅਤੇ ਰਿਵਕਾ ਹੋਲਟਜ਼ਬਰਗ ਨਾਲ ਨਾਰੀਮਨ ਹਾਊਸ 'ਚ ਸੀ।

ਉਸ ਵਹਿਸ਼ੀ ਹਮਲੇ 'ਚ ਮੋਸ਼ੇ ਦੇ ਮਾਤਾ-ਪਿਤਾ ਮਾਰੇ ਗਏ ਸਨ। ਮੋਸ਼ੇ ਦੇ ਨਾਨਾ ਰੈਬਾਈ ਸ਼ਿਮੋਨ ਰੋਜ਼ਨਬਰਗ ਨੇ ਦੱਸਿਆ, "ਭਾਰਤ ਦੇ ਲੋਕਾਂ ਨੂੰ ਯਾਦ ਹੈ ਕਿ 15 ਸਾਲ ਪਹਿਲਾਂ ਇਸ ਦਿਨ ਕੀ ਵਾਪਰਿਆ ਸੀ। ਸਾਡੇ ਪਰਿਵਾਰ ਅਤੇ ਹੋਰ ਇਜ਼ਰਾਇਲੀ ਪਰਿਵਾਰਾਂ 'ਤੇ ਜੋ ਕਹਿਰ ਟੁੱਟਿਆ ਸੀ, ਤੁਹਾਨੂੰ ਯਾਦ ਹੈ।" ਉਨ੍ਹਾਂ ਕਿਹਾ, "ਮੈਂ ਅਤੇ ਮੇਰੀ ਪਤਨੀ ਯਹੂਦਿਤ ਅਤੇ ਮੋਸ਼ੇ ਪੂਰੇ ਦਿਲ ਨਾਲ ਇਹ ਵਿਸ਼ਵਾਸ ਕਰਦੇ ਹਨ ਅਤੇ ਇਸ ਲਈ ਭਾਰਤ 'ਚ ਤੁਹਾਡੇ ਸਾਰਿਆਂ ਦਾ ਧੰਨਵਾਦ ਕਰਨਾ ਚਾਹੁੰਦੇ ਹਾਂ ਕਿ ਤੁਸੀਂ ਸਾਡੇ ਦੁੱਖ ਨੂੰ ਮਹਿਸੂਸ ਕੀਤਾ ਅਤੇ ਸਾਨੂੰ ਆਪਣਾ ਸਮਝਿਆ।" ਇਜ਼ਰਾਇਲ ਅਤੇ ਹਮਾਸ ਵਿਚਾਲੇ ਜੰਗ ਦੀ ਪਿਠਭੂਮੀ 'ਚ ਉਸ ਨੇ ਕਿਹਾ, "ਇਸ ਸਾਲ ਨੇ ਖ਼ਾਸ ਤੌਰ 'ਤੇ ਦਿਖਾਇਆ ਹੈ ਕਿ ਕਿਵੇਂ ਅਤਿਵਾਦੀ ਯਹੂਦੀਆਂ ਨੂੰ ਮਾਰਨਾ ਚਾਹੁੰਦੇ ਹਨ, ਪਰ ਅਸੀਂ ਪੂਰੀ ਦੁਨੀਆਂ 'ਚ ਸ਼ਾਂਤੀ ਚਾਹੁੰਦੇ ਹਾਂ।"

ਮੋਸ਼ੇ ਨੂੰ ਹਮਲੇ ਤੋਂ ਬਚਾ ਕੇ ਉਸ ਨੂੰ ਛਾਤੀ ਨਾਲ ਚਿਪਕਾਏ ਉਸ ਦੀ ਨੈਨੀ ਸੈਂਡਰਾ ਦੀ ਇੱਕ ਤਸਵੀਰ ਸਾਹਮਣੇ ਆਈ ਸੀ, ਜਿਸ ਨੇ ਪੂਰੀ ਦੁਨੀਆਂ ਦਾ ਧਿਆਨ ਆਪਣੇ ਵਲ ਖਿੱਚਿਆ। ਰੋਜ਼ੇਨਬਰਗ ਨੇ ਕਿਹਾ, "ਮੋਸ਼ੇ ਠੀਕ ਹੈ ਅਤੇ ਯੇਸ਼ਿਵਾ 'ਚ ਪੜ੍ਹ ਰਿਹਾ ਹੈ। ਸੈਂਡਰਾ ਇਜ਼ਰਾਇਲ 'ਚ ਹੈ ਅਤੇ ਹਫ਼ਤੇ ਦੇ ਅੰਤ 'ਚ ਯੇਰੂਸ਼ਲਮ ਤੋਂ ਸਾਨੂੰ ਮਿਲਣ ਆਉਂਦੀ ਹੈ। ਉਹ ਸਾਡੇ ਪਰਿਵਾਰ ਦੀ ਇੱਕ ਮੈਂਬਰ ਵਾਂਗ ਹੈ ਅਤੇ ਇਹ ਘਰ ਵੀ ਉਸ ਦਾ ਹੈ।" ਸੈਂਡਰਾ ਨੂੰ ਇਜ਼ਰਾਇਲ ਸਰਕਾਰ ਦੁਆਰਾ ਔਨਰੇਰੀ ਨਾਗਰਿਕਤਾ ਦਿੱਤੀ ਗਈ ਸੀ ਅਤੇ ਰਾਈਚੀਅਸ ਜੈਨਟਾਇਲ ਦੇ ਖ਼ਿਤਾਬ ਨਾਲ ਸਨਮਾਨਿਤ ਕੀਤਾ ਗਿਆ ਸੀ। ਇਹ ਇੱਕ ਖ਼ਾਸ ਸਨਮਾਨ ਹੈ ਅਤੇ ਉਨ੍ਹਾਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਨੇ ਗ਼ੈਰ-ਯਹੂਦੀ ਹੁੰਦੇ ਹੋਏ ਹੌਲੋਕਾਸਟ ਦੌਰਾਨ ਯਹੂਦੀਆਂ ਨੂੰ ਬਚਾਉਣ ਲਈ ਆਪਣੀਆਂ ਜਾਨਾਂ ਜੋਖ਼ਮ 'ਚ ਪਾਈਆਂ ਸਨ। ਪਰਿਵਾਰ ਨੇ ਇਬਰਾਨੀ ਕੈਲੰਡਰ ਅਨੁਸਾਰ 13 ਨਵੰਬਰ ਨੂੰ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਯਾਦ 'ਚ ਇਸ ਸਾਲ ਅਫ਼ੁਲਾ 'ਚ ਆਪਣੀ ਸਾਲਾਨਾ ਪ੍ਰਾਰਥਨਾ ਕੀਤੀ।

**ਮੋਸ਼ੇ ਨੇ ਕੀਤਾ ਮੋਦੀ ਨੂੰ ਯਾਦ**

ਪਿਛਲੇ ਸਾਲ ਮੋਸ਼ੇ ਨੇ ਇੱਕ ਵੀਡੀਓ ਸੰਦੇਸ਼ ਜਾਰੀ ਕੀਤਾ ਜਿਸ 'ਚ ਅੰਤਰਰਾਸ਼ਟਰੀ ਭਾਈਚਾਰੇ ਨੂੰ ਅਤਿਵਾਦ ਦਾ ਮੁਕਾਬਲਾ ਕਰਨ ਦੇ ਤਰੀਕੇ ਲੱਭਣ ਲਈ ਦਿਲੋਂ ਅਪੀਲ ਕੀਤੀ ਗਈ ਤਾਂ ਜੋ ਕਿਸੇ ਨੂੰ ਵੀ ਉਸ ਦੁੱਖ 'ਚੋਂ ਗੁਜ਼ਰਨਾ ਨਾ ਪਵੇ ਜਿਸ 'ਚੋਂ ਉਹ ਲੰਘਿਆ ਹੈ। ਨਾਲ ਹੀ ਆਪਣੀ ਬਚਣ ਦੀ ਕਹਾਣੀ ਵੀ ਸਾਂਝੀ ਕੀਤੀ। ਉਸ ਨੂੰ ਸਿਰਫ਼ ਸੈਂਡਰਾ ਦੀ ਹਿੰਮਤ ਕਰ ਕੇ ਹੀ ਬਚ ਸਕਿਆ ਸੀ ਜਿਸ ਨੇ ਉਸ ਨੂੰ ਬਚਾਉਣ ਲਈ ਆਪਣੀ ਜਾਨ ਜੋਖ਼ਮ 'ਚ ਪਾਈ।" ਮੋਸ਼ੇ ਨੇ ਆਪਣੀ ਪ੍ਰਵਰਿਸ਼ ਦੀ ਕਹਾਣੀ ਵੀ ਦੁਨੀਆਂ ਨਾਲ ਸਾਂਝੀ ਕੀਤੀ। ਉਹ ਆਪਣੇ ਨਾਨਾ-ਨਾਨੀ ਨਾਲ ਰਹਿੰਦਾ ਹੈ, ਅਤੇ ਉਹ ਉਸ ਨੂੰ ਆਪਣੇ ਪੁੱਤਰ ਵਾਂਗ ਪਾਲ ਰਹੇ ਹਨ।






# UP ਦੇ ਲੜਕੇ ਨੂੰ ਦਿਲ ਦੇ ਬੈਠੀ ਅਮਰੀਕਾ ਦੀ ਲੜਕੀ



ਹਮੀਰਪੁਰ: UP ਦੇ ਹਮੀਰਪੁਰ ਜ਼ਿਲ੍ਹੇ 'ਚ ਇੱਕ ਜੋੜੇ ਦਾ ਵਿਆਹ ਸੁਰਖ਼ੀਆਂ 'ਚ ਹੈ ਕਿਉਂਕਿ ਲਾੜੀ ਅਮਰੀਕਾ ਦੀ ਹੈ ਅਤੇ ਲਾੜਾ ਭਿਲਾਵਾ, ਹਮੀਰਪੁਰ ਦਾ ਰਹਿਣ ਵਾਲਾ ਹੈ। ਦੋਵਾਂ ਨੇ ਹਿੰਦੂ ਰੀਤੀ-ਰਿਵਾਜਾਂ ਅਨੁਸਾਰ ਸੱਤ ਫ਼ੇਰੇ ਲਏ। ਉਨ੍ਹਾਂ ਇਕੱਠੇ ਜਿਊਣ-ਮਰਨ ਦੀਆਂ ਕਸਮਾਂ ਖਾਧੀਆਂ। ਇਸ ਅਨੋਖੇ ਵਿਆਹ ਨੂੰ ਦੇਖਣ ਲਈ ਲੋਕਾਂ ਦੀ ਭੀੜ ਇਕੱਠੀ ਹੋ ਗਈ। ਵਿਆਹ ਸਮਾਗਮ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ। ਜ਼ਿਕਰਯੋਗ ਹੈ ਕਿ ਭਿਲਾਵਾ ਦੇ ਨਾਰਾਇਣ ਨਗਰ ਦੇ ਰਹਿਣ ਵਾਲੇ ਸਚਿਨ ਸ਼ਰਮਾ ਦੀ ਅਮਰੀਕਾ 'ਚ ਨੌਕਰੀ ਕਰਦੇ ਸਮੇਂ ਓਲੀਵੀਆ ਵੇਨ ਨਾਲ ਦੋਸਤੀ ਹੋ ਗਈ ਸੀ। ਬਾਅਦ 'ਚ ਉਨ੍ਹਾਂ ਦੀ ਦੋਸਤੀ ਪਿਆਰ 'ਚ ਬਦਲ ਗਈ। ਫ਼ਿਰ ਦੋਵਾਂ ਨੇ ਇੱਕ ਹੋਣ ਦਾ ਫ਼ੈਸਲਾ ਕਰ ਲਿਆ ਅਤੇ ਆਪਣੇ ਪਰਿਵਾਰਾਂ ਨਾਲ ਗੱਲਬਾਤ ਕੀਤੀ। ਜਦੋਂ ਉਹ ਮੰਨ ਗਏ ਤਾਂ ਵਿਆਹ ਦੀ ਤਰੀਕ ਤੈਅ ਹੋ ਗਈ। ਇਸ ਤਰ੍ਹਾਂ 27 ਨਵੰਬਰ ਨੂੰ ਸਚਿਨ ਅਤੇ ਓਲੀਵੀਆ ਹਮੇਸ਼ਾ ਲਈ ਇੱਕ ਦੂਜੇ ਦੇ ਹੋ ਗਏ। ਸਚਿਨ ਦੇ ਪਿਤਾ ਮਹੇਸ਼ ਸ਼ਰਮਾ ਸੇਵਾ ਮੁਕਤ ਸਿਹਤ ਕਰਮਚਾਰੀ ਹਨ। ਉਨ੍ਹਾਂ ਦੇ ਦੱਸਣ ਮੁਤਾਬਿਕ ਉਨ੍ਹਾਂ ਦਾ ਵੱਡਾ ਪੁੱਤਰ ਸਚਿਨ ਸ਼ਰਮਾ BTech ਕਰਨ ਤੋਂ ਬਾਅਦ MBA ਦੀ ਪੜ੍ਹਾਈ ਕਰਨ ਅਮਰੀਕਾ ਚਲਾ ਗਿਆ ਸੀ। ਉੱਥੇ ਹੀ ਉਸ ਨੂੰ ਨੌਕਰੀ ਮਿਲ ਗਈ। ਇਸ ਦੌਰਾਨ ਉਸ ਦੀ ਮੁਲਾਕਾਤ ਓਲੀਵੀਆ ਵੇਨ ਨਾਲ ਹੋਈ ਜੋ ਦੋਸਤੀ 'ਚ ਬਦਲ ਗਈ। ਦੋਵੇਂ ਇੱਕ-ਦੂਜੇ ਨੂੰ ਪਸੰਦ ਕਰਨ ਲੱਗੇ ਅਤੇ ਗੱਲ ਵਿਆਹ 'ਤੇ ਆ ਗਈ। ਸਚਿਨ ਨੇ ਆਪਣੇ ਰੀਤੀ-ਰਿਵਾਜਾਂ ਮੁਤਾਬਿਕ ਓਲੀਵੀਆ ਨੂੰ ਵਿਆਹ ਲਈ ਤਿਆਰ ਕੀਤਾ।

ਓਲੀਵੀਆ ਸਚਿਨ ਨਾਲ ਵਿਆਹ ਕਰਨ ਲਈ ਆਪਣੀ ਮਾਂ ਨਾਲ ਹਮੀਰਪੁਰ ਆਈ। ਉਨ੍ਹਾਂ ਨੂੰ ਭਾਰਤੀ ਰੀਤੀ-ਰਿਵਾਜ ਬਹੁਤ ਪਸੰਦ ਹਨ। ਸਚਿਨ ਨੂੰ ਅਮਰੀਕਾ ਦਾ ਗ੍ਰੀਨ ਕਾਰਡ ਮਿਲਿਆ ਹੋਇਆ ਹੈ। ਵਿਆਹ ਤੋਂ ਬਾਅਦ ਉਸ ਨੂੰ ਉੱਥੋਂ ਦੀ ਨਾਗਰਿਕਤਾ ਵੀ ਮਿਲ ਜਾਵੇਗੀ।

# ਪਿਕਸੀ ਜੌਬ ਮੁੰਬਈ ਦੀ ਮਾਲਕਣ ਦਾ ਦਾਦਾ ਸਾਹਿਬ ਫ਼ਾਲਕੇ ਐਵਾਰਡ ਨਾਲ ਸਨਮਾਨ

ਦੁਬਈ: ਦਾਦਾ ਸਾਹਿਬ ਫ਼ਾਲਕੇ ਆਈਕੌਨ ਫ਼ਿਲਮ ਐਵਾਰਡ ਔਰਗੇਨਾਈਜੇਸ਼ਨ ਵਲੋਂ ਦੁਬਈ 'ਚ ਕਰਵਾਏ ਗਏ ਇੱਕ ਐਵਾਰਡ ਸ਼ੋਅ 'ਚ ਮੁੰਬਈ ਦੀ ਰਹਿਣ ਵਾਲੀ ਪਿਕਸੀ ਜੌਬ ਦੀ ਫ਼ਾਊਂਡਰ ਅਤੇ CEO ਨਿਸ਼ਾ ਕੌਲ ਦਾ Outstanding Female Enterpreneur ਐਵਾਰਡ ਨਾਲ ਸਨਮਾਨ ਕੀਤਾ ਗਿਆ। ਇਹ ਐਵਾਰਡ ਨਿਸਾ ਕੌਲ ਨੂੰ ਉਨ੍ਹਾਂ ਦੇ ਬਿਜ਼ਨਸ ਅਤੇ ਸਮਾਜ ਸੇਵਾ ਦੇ ਕੰਮਾਂ ਬਦਲੇ ਦਿੱਤਾ ਗਿਆ ਹੈ।




ਨਿਸ਼ਾ ਕੌਲ ਦਾ ਕਹਿਣਾ ਕਿ ਇਹ ਐਵਾਰਡ ਮਿਲਣਾ ਉਸ ਦੇ ਲਈ ਮਾਣ ਵਾਲੀ ਗੱਲ ਹੈ। ਇਸ ਮੌਕੇ ਦੁਬਈ ਦੇ ਉੱਘੇ ਬਿਜ਼ਨਸਮੈੱਨ, ਸਮਾਜਸੇਵੀ ਅਤੇ ਭਾਰਤ ਤੋਂ ਫ਼ਿਲਮੀ ਹਸਤੀਆਂ ਵੀ ਹਾਜ਼ਰ ਸਨ।

ਪਿਕਸੀ ਜੌਬ ਇੱਕ ਪ੍ਰਤਿਭਾ ਸੋਰਸਿੰਗ ਅਤੇ ਤੇਜ਼ ਹੁਨਰ ਵਿਕਾਸ ਕੰਪਨੀ ਹੈ ਜੋ ਪ੍ਰਾਹੁਣਚਾਰੀ ਉਦਯੋਗ 'ਚ ਫ਼ੁੱਲ-ਟਾਈਮ ਅਤੇ ਔਨ ਡਿਮਾਂਡ ਕਰਮਚਾਰੀਆਂ ਤਕ ਪਹੁੰਚ ਪ੍ਰਦਾਨ ਕਰਦੀ ਹੈ। ਕੰਪਨੀ ਨੇ ਇੱਕ ਮਾਲਕਾਨਾ ਔਨਲਾਈਨ ਅਤੇ ਪ੍ਰਾਹੁਣਚਾਰੀ ਪਾਠਕ੍ਰਮ, ਵਿੱਤੀ ਸਮਾਵੇਸ਼ ਲਈ ਇੱਕ ਪਲੈਟਫ਼ੌਰਮ ਅਤੇ ਪੂਰੇ ਭਾਰਤ ਦੇ ਸੰਭਾਵੀ ਉਮੀਦਵਾਰਾਂ ਨੂੰ ਪ੍ਰਾਪਤ ਕਰਨ ਲਈ ਇੱਕ ਵਿਸ਼ਾਲ ਭਰਤੀ ਨੈੱਟਵਰਕ ਬਣਾਇਆ ਹੈ। ਪਿਕਸੀ ਜੌਬ ਨੇ ਰੈਸਟੋਰੈਂਟ, ਹੋਟਲ ਅਤੇ ਸੈਰ-ਸਪਾਟਾ ਉਦਯੋਗ 'ਚ ਕਰਮਚਾਰੀਆਂ ਲਈ ਉਦਯੋਗ ਦੁਆਰਾ ਸੰਚਾਲਿਤ ਹੱਲ ਬਣਨ ਲਈ ਪ੍ਰਾਹੁਣਚਾਰੀ ਉਦਯੋਗ ਦੀਆਂ ਪ੍ਰਬੰਧਕ ਸੰਸਥਾਵਾਂ ਨਾਲ ਸਾਂਝੇਦਾਰੀ ਕੀਤੀ ਹੈ।

# ਸੂਰਤ ਦਾ ਸਭ ਤੋਂ ਅਮੀਰ ਕਰਦਾ ਸੀ 200 ਰੁਪਏ ਪ੍ਰਤੀ ਦਿਨ 'ਤੇ ਬੇਕਰੀ 'ਚ ਕੰਮ

ਕਿਚਨਰ: ਸਾਵਜੀ ਧਨਜੀ ਢੋਲਕੀਆ ਭਾਰਤ ਦੇ ਹੀਰਾ ਕੇਂਦਰ ਸੂਰਤ 'ਚ ਸਭ ਤੋਂ ਅਮੀਰ ਆਦਮੀ ਹਨ। ਭਾਰਤ ਦੀ ਪ੍ਰਮੁੱਖ ਹੀਰਾ ਨਿਰਮਾਣ ਅਤੇ ਨਿਰਯਾਤ ਕੰਪਨੀਆਂ 'ਚੋਂ ਇੱਕ, ਹਰੀ ਕ੍ਰਿਸ਼ਨਾ ਐਕਸਪੋਰਟਜ਼ ਪ੍ਰਾਈਵੇਟ ਲਿਮਟਿਡ ਦੇ ਸੰਸਥਾਪਕ ਅਤੇ ਚੇਅਰਮੈਨ ਹੋਣ ਦੇ ਨਾਤੇ ਢੋਲਕੀਆ ਨੇ ਬਾਂਦਰਾ ਕੁਰਲਾ ਕੌਮਪਲੈਕਸ ਮੁੰਬਈ 'ਚ ਸਥਿਤ ਇੱਕ 19-ਮੰਜ਼ਿਲਾ ਇਮਾਰਤ ਦਾ ਕੈਪੀਟਲ 'ਚ ਆਪਣਾ ਮੁੱਖ ਦਫ਼ਤਰ ਸਥਾਪਿਤ ਕੀਤਾ ਹੋਇਆ ਹੈ।

1992 'ਚ, ਸਾਵਜੀ ਧਨਜੀ, ਜਿਵੇਂ ਕਿ ਉਸ ਨੂੰ ਪ੍ਰਸਿਧੀ ਕਾਰਨ ਕਿਹਾ ਜਾਂਦਾ ਹੈ, ਨੇ ਆਪਣੇ ਤਿੰਨ ਭਰਾਵਾਂ ਦੇ ਨਾਲ ਹੀਰਾ ਨਿਰਮਾਣ ਖੇਤਰ 'ਚ ਸਖ਼ਤ ਮੁਕਾਬਲੇ ਵਿਚਕਾਰ ਹਰੀ ਕ੍ਰਿਸ਼ਨ ਐਕਸਪੋਰਟਜ਼ ਦੀ ਸਥਾਪਨਾ ਕੀਤੀ ਸੀ। ਕੰਪਨੀ ਦੀ ਕਮਾਲ ਦੀ ਸਫ਼ਲਤਾ ਨੇ ਇਸ ਨੂੰ ਉਦਯੋਗ 'ਚ ਪ੍ਰਮੁੱਖ ਖਿਡਾਰੀਆਂ 'ਚੋਂ ਇੱਕ ਵਜੋਂ ਸਥਾਪਿਤ ਕੀਤਾ ਹੈ।

ਪ੍ਰਸਿਧੀ ਅਤੇ ਸਫ਼ਲਤਾ ਪ੍ਰਾਪਤ ਕਰਨ ਦੇ ਬਾਵਜੂਦ ਸਾਵਜੀ ਧਨਜੀ ਢੋਲਕੀਆ ਇੱਕ ਨਿਮਰ ਵਿਅਕਤੀ ਬਣਿਆ ਹੋਇਆ ਹੈ ਅਤੇ ਇੱਕ ਨੀਵੀਂ ਜੀਵਨ ਸ਼ੈਲੀ ਦੀ ਅਗਵਾਈ ਕਰਦੈ। ਉਸ ਦੀ ਯਾਤਰਾ ਰਣਨੀਤਕ ਫ਼ੈਸਲਿਆਂ ਨਾਲ ਭਰੀ ਹੋਈ ਹੈ, ਅਤੇ ਉਸ ਦੇ ਪੁੱਤਰ ਦ੍ਵਿਆ ਢੋਲਕੀਆ ਲਈ ਇੱਕ ਠੋਸ ਨੀਂਹ ਸਥਾਪਿਤ ਕਰਦੀ ਹੈ, ਉੱਦਮੀ ਗਤੀਵਿਧੀਆਂ ਅਤੇ ਨਿੱਜੀ ਕਦਰਾਂ-ਕੀਮਤਾਂ ਦੋਵਾਂ ਪ੍ਰਤੀ ਉਸ ਦੇ ਸਮਰਪਣ ਨੂੰ ਦਰਸਾਉਂਦੀਆਂ ਹਨ।

12 ਅਪ੍ਰੈਲ 1962 ਨੂੰ ਗੁਜਰਾਤ ਦੇ ਅਮਰੇਲੀ ਜ਼ਿਲ੍ਹੇ ਦੇ ਦੂਧਾਲਾ 'ਚ ਇੱਕ ਕਿਸਾਨ ਪਰਿਵਾਰ 'ਚ ਜਨਮਿਆ ਸਾਵਜੀ ਧਨਜੀ ਤੁਲਸੀ, ਹਿੰਮਤ ਅਤੇ ਘਨਸ਼ਿਆਮ ਸਮੇਤ ਚਾਰ ਭਰਾਵਾਂ 'ਚੋਂ ਇੱਕ ਹੈ। ਪਰਿਵਾਰ ਨੂੰ ਵਿੱਤੀ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਜਿਸ ਕਾਰਨ ਸਾਵਜੀ ਨੇ 14 ਸਾਲ ਦੀ ਉਮਰ 'ਚ ਚੌਥੀ ਜਮਾਤ ਤੋਂ ਬਾਅਦ ਰਸਮੀ ਸਿੱਖਿਆ ਛੱਡ ਦਿੱਤੀ।

ਸਾਵਜੀ ਨੇ ਸੂਰਤ 'ਚ ਆਪਣੇ ਚਾਚੇ ਦੇ ਹੀਰਿਆਂ ਦੇ ਕਾਰੋਬਾਰ 'ਚ ਸ਼ਾਮਿਲ ਹੋ ਕੇ ਆਪਣਾ ਕਰੀਅਰ ਸ਼ੁਰੂ ਕੀਤਾ ਜਿੱਥੇ ਉਹ ਬਾਅਦ 'ਚ ਉਸ ਦੇ ਭਰਾ ਹਿੰਮਤ ਅਤੇ ਤੁਲਸੀ ਨਾਲ ਜੁੜ ਗਿਆ।



1992 ਵਿੱਚ, ਸਾਵਜੀ ਧਨਜੀ ਨੇ ਆਪਣੇ ਭਰਾਵਾਂ ਘਨਸ਼ਿਆਮ ਢੋਲਕੀਆ, ਹਿੰਮਤ ਢੋਲਕੀਆ ਅਤੇ ਤੁਲਸੀ ਢੋਲਕੀਆ ਨਾਲ ਸੂਰਤ 'ਚ ਹਰੀ ਕ੍ਰਿਸ਼ਨਾ ਐਕਸਪੋਰਟਜ਼ ਪ੍ਰਾਈਵੇਟ ਲਿਮਟਿਡ ਦੀ ਸਥਾਪਨਾ ਕੀਤੀ। ਕੰਪਨੀ ਦੀ ਡਾਇਮੰਡ ਕਟਿੰਗ ਅਤੇ ਪੌਲਿਸ਼ਿੰਗ ਯੂਨਿਟ ਸੂਰਤ 'ਚ ਸਥਾਪਤ ਕੀਤੀ ਗਈ ਸੀ, ਜਦੋਂ ਕਿ ਨਿਰਯਾਤ ਦਫ਼ਤਰ ਮੁੰਬਈ 'ਚ ਸਥਿਤ ਸੀ।


ਅਵਜੀ ਧਨਜੀ ਦਾ ਦ੍ਰਿਸ਼ਟੀਕੋਣ 2005 'ਚ ਜ਼ਾਹਿਰ ਹੋਇਆ ਜਦੋਂ ਉਸ ਨੇ ਹਰੀ ਕ੍ਰਿਸ਼ਨਾ ਐਕਸਪੋਰਟਜ਼ ਅਧੀਨ ਗਹਿਣਿਆਂ ਦਾ ਬ੍ਰੈਂਡ ਕਿਸ਼ਨਾ ਲੌਂਚ ਕੀਤਾ। ਅੱਜ ਕਿਸ਼ਨਾ ਭਾਰਤ ਭਰ 'ਚ 6,250 ਤੋਂ ਵੱਧ ਆਊਟਲੈਟਾਂ ਦੇ ਨਾਲ ਭਾਰਤ ਦੇ ਸਭ ਤੋਂ ਵੱਡੇ ਹੀਰੇ ਦੇ ਗਹਿਣਿਆਂ ਦੇ ਬ੍ਰੈਂਡ ਵਜੋਂ ਖੜ੍ਹਾ ਹੈ। ਸਾਵਜੀ ਧਨਜੀ ਨੂੰ ਦੇਸ਼ ਦੇ ਸਭ ਤੋਂ ਵਧੀਆ ਰੋਜ਼ਗਾਰਦਾਤਾਵਾਂ 'ਚੋਂ ਇੱਕ ਮੰਨਿਆ ਜਾਂਦਾ ਹੈ ਅਤੇ ਇਸ ਦੇ ਬੇਮਿਸਾਲ ਦੀਵਾਲੀ ਬੋਨਸ ਲਈ ਜਾਣਿਆ ਜਾਂਦਾ ਹੈ। ਇਨ੍ਹਾਂ ਬੋਨਸਾਂ 'ਚ ਉਨ੍ਹਾਂ ਦੇ ਕਰਮਚਾਰੀਆਂ ਲਈ ਗਹਿਣੇ, ਕਾਰਾਂ, ਫ਼ਲੈਟਸ ਅਤੇ ਫ਼ਿਕਸਡ ਡਿਪੌਜ਼ਿਟਸ ਵਰਗੇ ਸ਼ਾਨਦਾਰ ਤੋਹਫ਼ੇ ਸ਼ਾਮਿਲ ਹਨ।

ਅਕਤੂਬਰ 2018 'ਚ ਉਸ ਨੇ ਯੋਗ ਕਰਮਚਾਰੀਆਂ ਨੂੰ 600 ਕਾਰਾਂ ਗਿਫ਼ਟ ਕਰ ਕੇ ਸੁਰਖੀਆਂ ਬਟੋਰੀਆਂ ਹਨ।

ਸਾਵਜੀ ਧਨਜੀ ਨੇ 2016 'ਚ ਦੀਵਾਲੀ ਬੋਨਸ ਵਜੋਂ 400 ਫ਼ਲੈਟਸ ਅਤੇ 1,260 ਕਾਰਾਂ ਗਿਫ਼ਟ ਕੀਤੀਆਂ ਸਨ। ਅਜਿਹੇ ਉਦਾਰ ਬੋਨਸ ਦੇ ਪਿੱਛੇ ਉਸ ਦੀ ਪ੍ਰੇਰਣਾ ਬਾਰੇ ਪੁੱਛੇ ਜਾਣ 'ਤੇ ਉਸ ਨੇ ਕਿਹਾ ਕਿ ਹਰ ਕੋਈ ਇੱਕ ਘਰ ਅਤੇ ਇੱਕ ਕਾਰ ਰੱਖਣ ਦੀ ਇੱਛਾ ਰੱਖਦਾ ਹੈ, ਅਤੇ ਉਹ ਸਿਰਫ਼ ਇਨ੍ਹਾਂ ਸੁਪਨਿਆਂ ਨੂੰ ਸਾਕਾਰ ਕਰਨ 'ਚ ਉਨ੍ਹਾਂ ਦੀ ਮਦਦ ਕਰ ਰਿਹਾ ਹੈ।

ਸਾਵਜੀ ਧਨਜੀ ਨੇ ਗੌਰੀਬੇਨ ਢੋਲਕੀਆ ਨਾਲ ਖ਼ੁਸ਼ੀ-ਖ਼ੁਸ਼ੀ ਵਿਆਹ ਕੀਤਾ ਹੈ, ਅਤੇ ਉਹ ਇਕੱਠੇ ਨਿੱਜੀ ਜੀਵਨ ਬਤੀਤ ਕਰਦੇ ਹਨ, ਜਨਤਕ ਤੌਰ 'ਤੇ ਘੱਟ ਹੀ ਦਿਖਾਈ ਦਿੰਦੇ ਹਨ। ਜੋੜੇ ਦੇ ਚਾਰ ਬੱਚੇ ਹਨ- ਮੀਨਾ, ਨਿਮਿਸ਼ਾ, ਦ੍ਵਿਆ ਅਤੇ ਕਿਸ਼ਨਾ। ਸਾਵਜੀ ਧਨਜੀ ਦੀ ਕੁੱਲ ਜਾਇਦਾਦ ਲਗਭਗ 12 ਹਜ਼ਾਰ ਕਰੋੜ ਰੁਪਏ ਦੱਸੀ ਜਾਂਦੀ ਹੈ।

ਸਾਵਜੀ ਧਨਜੀ ਨੇ ਆਪਣੇ ਪੁੱਤਰ ਦ੍ਵਯ ਨੂੰ ਪਰਿਵਾਰ ਦਾ ਨਾਮ ਵਰਤੇ ਬਿਨਾਂ ਸੁਤੰਤਰ ਤੌਰ 'ਤੇ ਕੰਮ ਕਰਨ ਲਈ ਉਤਸ਼ਾਹਿਤ ਕੀਤਾ। ਦ੍ਵਿਆ ਨੇ ਜੁੱਤੀਆਂ ਦੀ ਦੁਕਾਨ, ਮੈਕਡੌਨਲਡਜ਼ ਅਤੇ ਇੱਕ ਕਾਲ ਸੈਂਟਰ ਸਮੇਤ ਕਈ ਨੌਕਰੀਆਂ ਕੀਤੀਆਂ। ਵਿੱਤੀ ਸੰਘਰਸ਼ਾਂ ਦਾ ਸਾਹਮਣਾ ਕਰਨ ਦੇ ਬਾਵਜੂਦ, ਦ੍ਵਿਆ ਨੇ ਜੀਵਨ ਦੇ ਕੀਮਤੀ ਸਬਕ ਸਿੱਖੇ।




# ਜਨਵਰੀ-ਸਤੰਬਰ ਦੌਰਾਨ ਭਾਰਤ 'ਚ ਲਗਯਰੀ ਘਰਾਂ ਦੀ ਹੋਈ ਜ਼ਿਆਦਾ ਵਿਕਰੀ

ਨਵੀਂ ਦਿੱਲੀ: ਭਾਰਤ 'ਚ ਲਗਯਰੀ ਰਿਹਾਇਸ਼ਾਂ ਦੀਆਂ ਕੀਮਤਾਂ 'ਚ ਬੇਤਹਾਸ਼ਾ ਵਾਧਾ ਹੋਇਆ ਹੈ। ਕੋਰੋਨਾ ਤੋਂ ਬਾਅਦ ਜ਼ਿਆਦਾ ਲੋਕ ਆਧੁਨਿਕ ਸਹੂਲਤਾਂ ਵਾਲੇ ਵੱਡੇ ਘਰ ਖ਼ਰੀਦ ਰਹੇ ਹਨ। ਲੋਕ ਆਪਣੇ ਘਰ 'ਚ ਦਫ਼ਤਰ ਲਈ ਵੱਖਰੀ ਜਗ੍ਹਾ ਰੱਖਣ ਦੇ ਚਾਹਵਾਨ ਹੋ ਰਹੇ ਹਨ। ਇਹ ਰੁਝਾਨ ਗ਼ੈਰ-ਨਿਵਾਸੀ ਭਾਰਤੀਆਂ ਅਤੇ ਲੱਖਾਂ ਉੱਚ ਆਮਦਨੀ ਵਾਲੇ ਲੋਕਾਂ 'ਚ ਜਾਰੀ ਰਹਿਣ ਦੀ ਉਮੀਦ ਹੈ। ਲਗਯਰੀ ਘਰਾਂ ਦੀ ਵਿਕਰੀ 'ਚ ਸੱਤ ਪ੍ਰਮੁੱਖ ਸ਼ਹਿਰ ਦਿੱਲੀ-ਰਾਸ਼ਟਰੀ ਰਾਜਧਾਨੀ ਖੇਤਰ (NCR), ਮੁੰਬਈ, ਪੁਣੇ, ਹੈਦਰਾਬਾਦ, ਬੈਂਗਲੁਰੂ, ਚੇਨੱਈ ਅਤੇ ਕੋਲਕਾਤਾ ਸਾਹਮਣੇ ਆਏ ਹਨ।



CBRE ਦੀ ਤਾਜ਼ਾ ਰਿਪੋਰਟ ਅਨੁਸਾਰ ਜਨਵਰੀ-ਸਤੰਬਰ 2023 ਦੇ ਦੌਰਾਨ ਭਾਰਤ 'ਚ ਚਾਰ ਕਰੋੜ ਰੁਪਏ ਤੋਂ ਵੱਧ ਕੀਮਤ ਵਾਲੇ ਲਗਯਰੀ ਘਰਾਂ ਦੀ ਵਿਕਰੀ 'ਚ 97 ਫ਼ੀਸਦੀ ਦਾ ਵਾਧਾ ਹੋਇਆ ਹੈ। ਇਸ ਸਾਲ ਦੇ ਪਹਿਲੇ ਨੌਂ ਮਹੀਨਿਆਂ 'ਚ ਲਗਭਗ 9,200 ਘਰ ਵੇਚੇ ਗਏ ਸਨ ਜਦੋਂ ਕਿ ਪਿਛਲੇ ਸਾਲ ਇਸੇ ਮਿਆਦ 'ਚ 4,700 ਘਰ ਵੇਚੇ ਗਏ ਸਨ। ਇਨ੍ਹਾਂ ਪ੍ਰਮੁੱਖ ਸ਼ਹਿਰਾਂ 'ਚ ਚੋਟੀ ਦੇ ਤਿੰਨ ਬਾਜ਼ਾਰ ਦਿੱਲੀ- NCR, ਮੁੰਬਈ ਅਤੇ ਹੈਦਰਾਬਾਦ ਹਨ। ਇਨ੍ਹਾਂ ਸੱਤ ਸ਼ਹਿਰਾਂ 'ਚ ਲਗਯਰੀ ਘਰਾਂ ਦੀ ਵਿਕਰੀ 'ਚ ਇਨ੍ਹਾਂ ਸ਼ਹਿਰਾਂ ਦੀ ਕੁੱਲ ਹਿੱਸੇਦਾਰੀ ਕਰੀਬ 90 ਫ਼ੀਸਦੀ ਸੀ।

ਦਿੱਲੀ NCR ਇਸ 'ਚ ਸਭ ਤੋਂ ਉਪਰ ਸੀ ਅਤੇ ਇਸਦੀ ਹਿੱਸੇਦਾਰੀ ਲਗਭਗ 37 ਫ਼ੀਸਦੀ ਸੀ। ਉਸ ਤੋਂ ਬਾਅਦ ਮੁੰਬਈ 35 ਫ਼ੀਸਦੀ, ਹੈਦਰਾਬਾਦ 18 ਫ਼ੀਸਦੀ ਅਤੇ ਪੁਣੇ ਚਾਰ ਫ਼ੀਸਦੀ ਦੇ ਕਰੀਬ ਸੀ। ਐਨਰੌਕ ਦੇ ਤਾਜ਼ਾ ਖਪਤਕਾਰ ਸਰਵੇਖਣ ਅਨੁਸਾਰ, ਪ੍ਰੀ-ਕੋਵਿਡ ਯੁੱਗ (2019 ਦੇ ਪਹਿਲੇ ਅੱਧ) 'ਚ ਸਿਰਫ਼ ਨੌਂ ਫ਼ੀਸਦੀ ਲੋਕ 1.5 ਕਰੋੜ ਰੁਪਏ ਤੋਂ ਵੱਧ ਦੀ ਕੀਮਤ ਦਾ ਘਰ ਖ਼ਰੀਦਣ ਲਈ ਤਿਆਰ ਸਨ ਹਾਲਾਂਕਿ ਸਭ ਤੋਂ ਤਾਜ਼ਾ ਸਰਵੇਖਣ (2023 ਦੇ ਪਹਿਲੇ ਅੱਧ) 'ਚ 16 ਫ਼ੀਸਦੀ ਲੋਕ ਲਗਯਰੀ ਘਰ ਖ਼ਰੀਦਣ 'ਚ ਦਿਲਚਸਪੀ ਰੱਖਦੇ ਸਨ।

ਐਨਰੌਕ ਗਰੁੱਪ ਦੇ ਵਾਈਸ ਚੇਅਰਮੈਨ ਸੰਤੋਸ਼ ਕੁਮਾਰ ਅਨੁਸਾਰ ਮਹਾਂਮਾਰੀ ਤੋਂ ਬਾਅਦ ਵਧੇਰੇ ਲੋਕਾਂ ਨੇ ਵੱਡੇ ਘਰਾਂ ਨੂੰ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ ਹੈ। ਅਜਿਹੇ ਲੋਕ ਵੀ ਘਰ ਤੋਂ ਕੰਮ ਅਤੇ ਈ-ਸਕੂਲਿੰਗ ਦੀ ਸਹੂਲਤ ਕਾਰਨ ਵੱਡਾ ਘਰ ਚਾਹੁੰਦੇ ਸਨ। ਕੋਰੋਨਾ ਤੋਂ ਬਾਅਦ ਜਨਜੀਵਨ ਆਮ ਵਾਂਗ ਹੋਣ ਦੇ ਬਾਵਜੂਦ ਵੱਡੇ ਘਰਾਂ ਵਲ ਲੋਕਾਂ ਦਾ ਝੁਕਾਅ ਜਾਰੀ ਹੈ। ਲਗਯਰੀ ਘਰਾਂ ਦੀ ਮੁੱਖ ਵਿਸ਼ੇਸ਼ਤਾ ਉਨ੍ਹਾਂ ਦਾ ਵੱਡਾ ਆਕਾਰ ਹੈ।

ਉਸ ਨੇ ਕਿਹਾ, ਮਹਾਂਮਾਰੀ ਦਾ ਲਗਯਰੀ ਘਰ ਖ਼ਰੀਦਣ ਵਾਲਿਆਂ 'ਤੇ ਮਾਮੂਲੀ ਅਸਰ ਪਿਆ ਹੈ। ਅਜਿਹੇ ਲੋਕ ਕਈ ਕਾਰਨਾਂ ਕਰ ਕੇ ਬਾਜ਼ਾਰ ਵਲ ਮੂੰਹ ਨਹੀਂ ਕਰ ਰਹੇ ਸਨ।

ਡਿਵੈਲਪਰਾਂ ਨੇ ਮਹਾਂਮਾਰੀ ਦੌਰਾਨ ਬਹੁਤ ਸਾਰੀਆਂ ਛੋਟਾਂ ਅਤੇ ਪੇਸ਼ਕਸ਼ਾਂ ਦਿੱਤੀਆਂ ਸਨ। ਇਸ ਨਾਲ ਇਹ ਸੰਪਤੀਆਂ ਖ਼ਰੀਦਦਾਰਾਂ ਲਈ ਆਕਰਸ਼ਕ ਬਣ ਗਈਆਂ। ਰੁਪਏ 'ਚ ਗਿਰਾਵਟ ਕਾਰਨ ਪ੍ਰਵਾਸੀ ਭਾਰਤੀਆਂ ਦੀ ਖ਼ਰੀਦ ਸ਼ਕਤੀ ਵੀ ਵੱਧ ਗਈ ਸੀ।

# ਰਸ ਅਲ ਖੇਹਮਾ ਦਾ ਨਵਾਂ ਗੁਰੂਘਰ ਮੁਕੰਮਲ

ਓਮਾਨ: ਓਮਾਨ ਨਾਲ ਲੱਗਦੇ ਆਖ਼ਰੀ ਸ਼ਹਿਰ ਰਸ ਅਲ ਖੇਹਮਾ (UAE) ਵਿਖੇ ਪਿਛਲੇ ਚਾਰ ਸਾਲ ਤੋਂ ਬਣ ਰਹੇ ਇੱਕ ਗੁਰੂਘਰ ਗੁਰੂ ਨਾਨਕ ਦਰਬਾਰ ਦੀ ਇਮਾਰਤ ਮੁਕੰਮਲ ਹੋ ਗਈ ਹੈ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ ਬੀਤੇ ਦਿਨੀਂ ਇਸ ਗੁਰੂਘਰ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਕਰ ਦਿੱਤਾ ਗਿਆ ਹੈ। ਇਸ ਗੁਰੂਘਰ ਨੂੰ ਤਿਆਰ ਕਰਨ 'ਚ ਚਾਰ ਸਾਲ ਲੱਗੇ। ਤਕਰੀਬਨ ਡੇਢ ਏਕੜ 'ਚ ਇਹ ਗੁਰੂਘਰ ਸੁਸ਼ੋਭਿਤ ਹੈ। ਦੁਬਈ 'ਚ ਇਹ ਦੂਸਰਾ ਵੱਡਾ ਗੁਰੂਘਰ ਹੈ ਜਿਸ ਕੋਲ ਇੱਕ ਵੱਡਾ ਹਾਲ ਅਤੇ ਖੁੱਲ੍ਹੀ ਜਗ੍ਹਾ ਹੈ। ਲੋਕਲ ਸ਼ੇਖ਼ ਸਾਊਦ ਬਿਨ ਸਾਕਰ ਅਲ ਕਸ਼ਮੀਰ ਵਲੋਂ 24 ਨਵੰਬਰ ਨੂੰ ਰਸਮੀ ਤੌਰ 'ਤੇ ਉਦਘਾਟਨ 'ਚ ਸ਼ਮੂਲੀਅਤ ਕੀਤੀ ਗਈ।

ਜ਼ਿਕਰਯੋਗ ਹੈ ਕਿ ਸ਼ੇਖ ਵਲੋਂ ਹੀ ਗੁਰੂਘਰ ਲਈ ਜ਼ਮੀਨ ਦਾਨ ਕੀਤੀ ਗਈ ਹੈ। ਬੀਤੇ ਦਿਨ ਹੀ 70 ਫ਼ੁੱਟ ਉੱਚੇ ਨਿਸ਼ਾਨ ਸਾਹਿਬ ਦੀ ਸੇਵਾ ਵੀ ਸੰਤ ਬਾਬਾ ਅਵਤਾਰ ਸਿੰਘ ਸੁਰ ਸਿੰਘ ਵਾਲਿਆਂ ਵਲੋਂ ਸੰਪੰਨ ਕੀਤੀ ਗਈ। ਪਹਿਲੇ ਦਿਨ ਦੇ ਉਦਘਾਟਨ ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘ ਰਬੇਲ ਸਿੰਘ, ਸੰਤ ਬਾਬਾ ਗੁਰਦਿਆਲ ਸਿੰਘ ਟਾਂਡੇ ਵਾਲੇ ਅਤੇ UAE ਦੀ ਪੂਰੀ ਸੰਗਤ ਮੌਜੂਦ ਰਹੀ। ਦੱਸਣਾ ਬਣਦਾ ਹੈ ਕਿ ਲੋਕਲ ਸੰਗਤ ਨੇ ਆਪਣੀ ਸੇਵਾ ਨਾਲ ਹੀ ਗੁਰੂਘਰ ਤਿਆਰ ਕੀਤਾ ਹੈ। ਫ਼ਿਲਹਾਲ ਸੰਗਤ ਹੀ ਸੇਵਾ ਦੇ ਤੌਰ 'ਤੇ ਸਾਰਾ ਪ੍ਰਬੰਧ ਚਲਾ ਰਹੀ ਹੈ।ਗੁਰੂਘਰ ਦੀ ਇੱਕ ਅੱਠ ਮੈਂਬਰੀ ਕਮੇਟੀ ਹੈ, ਅਤੇ ਉੱਥੇ ਪਹਿਲੇ ਦਿਨ ਸਵੇਰੇ ਸਾਢੇ 4 ਵਜੇ ਪ੍ਰਕਾਸ਼ ਹੋਇਆ। ਉਪਰੰਤ ਪੰਜ ਬਾਣੀਆਂ ਦਾ ਪਾਠ ਕੀਤਾ ਗਿਆ, ਫ਼ਿਰ ਆਸਾ ਦੀ ਵਾਰ ਅਤੇ ਉਸ ਤੋਂ ਬਾਅਦ ਕੀਰਤਨ ਕੀਤਾ ਗਿਆ। ਵਿਧੀ ਮੁਤਾਬਿਕ, ਹਰ ਰੋਜ਼ ਪੰਜ ਬਾਣੀਆਂ ਪੜ੍ਹਨ ਸਮੇਤ ਸ਼ਾਮ 7 ਵਜੇ ਤਕ ਕੀਰਤਨ ਹੋਇਆ ਕਰੇਗਾ।